SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ
# ਦੇਸ਼ ਦੁਆਬਾ
VOL - 8 ISSUE - 14
July 17, 2019
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



ਸਿੱਖ ਧਰਮ ਦੇ ਮਹਾਨ ਸ਼ਹੀਦ ਭਾਈ ਮਨੀ ਸਿੰਘ ਜੀ ਦੇ ਸ਼ਹੀਦੀ ਪੁਰਬ 'ਤੇ ਅਦਾਰਾ 'ਦੇਸ ਦੁਆਬਾ' ਕੋਟਿ-ਕੋਟਿ ਪ੍ਰਣਾਮ ਕਰਦਾ ਹੈ।

**ਸ਼ਹੀਦੀ ਪੁਰਬ 'ਤੇ ਵਿਸ਼ੇਸ਼ ਲੇਖ ਦੇਖੋ ਸਫਾ 18 'ਤੇ**



ਗੁਰਦੁਆਰਾ ਕਰਤਾਰਪੁਰ ਸਾਹਿਬ ਵਿਖੇ ਲਹਿੰਦੇ ਪੰਜਾਬ ਦੇ ਗਵਰਨਰ ਚੌਧਰੀ ਮੁਹੰਮਦ ਸਰਵਰ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ।

**ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 11 'ਤੇ**



11 ਦਿਨਾਂ 'ਚ ਤਿੰਨ ਗੋਲਡ ਮੈਡਲ ਜਿੱਤਣ ਵਾਲੀ ਹਿਮਾ ਦਾਸ ਨੇ ਵਧਾਇਆ ਭਾਰਤ ਦਾ ਮਾਣ। **(ਰਿਪੋਰਟ ਦੇਖੋ ਸਫਾ 8 'ਤੇ)**

# ਔਰਤ ਸੰਸਦ ਮੈਂਬਰਾਂ ਖ਼ਿਲਾਫ਼ ਟਰੰਪ ਦੇ ਬਿਆਨ 'ਤੇ ਵਿਰੋਧੀ ਧਿਰ ਲਿਆਈ ਨਿੰਦਾ ਪ੍ਰਸਤਾਵ

**ਵਾਸ਼ਿੰਗਟਨ (ਬਿਊਰੋ)-** ਵਿਰੋਧੀ ਧਿਰ ਡੈਮੋਕ੍ਰੇਟਿਕ ਪਾਰਟੀ ਦੀਆਂ ਚਾਰ ਅਸ਼ਵੇਤ ਮਹਿਲਾ ਸੰਸਦ ਮੈਂਬਰਾਂ 'ਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਬਿਆਨ ਨੂੰ ਲੈ ਕੇ ਵਿਵਾਦ ਵਧ ਗਿਆ ਹੈ। ਵਿਰੋਧੀ ਧਿਰ ਡੈਮੋਕ੍ਰੇਟ ਸੰਸਦ ਮੈਂਬਰਾਂ ਨੇ ਅਮਰੀਕੀ ਸੰਸਦ ਦੇ ਹੇਠਲੇ ਸਦਨ ਪ੍ਰਤੀਨਿਧੀ ਸਭਾ 'ਚ ਸੋਮਵਾਰ ਨੂੰ ਇਕ ਨਿੰਦਾ ਪ੍ਰਸਤਾਵ ਪੇਸ਼ ਕੀਤਾ ਤੇ ਟਰੰਪ ਦੇ ਬਿਆਨ ਨੂੰ ਨਸਲੀ ਕਰਾਰ ਦਿੱਤਾ। ਇਸ ਸਦਨ 'ਚ ਡੈਮੋਕ੍ਰੇਟਿਕ ਪਾਰਟੀ ਬਹੁਮਤ 'ਚ ਹੈ। ਟਰੰਪ ਦੇ ਟਵੀਟ ਦੀ ਨਿੰਦਾ ਕਰਨ ਲਈ ਪ੍ਰਤੀਨਿਧੀ ਸਭਾ 'ਚ ਡੈਮੋਕੇਟਿਕ ਸੰਸਦ ਮੈਂਬਰ ਟੌਮ ਮੇਲਿਨੋਵਸਕੀ ਵੱਲੋਂ ਇਹ ਮਤਾ ਪੇਸ਼ ਕੀਤਾ ਗਿਆ। ਟਰੰਪ ਨੇ ਐਤਵਾਰ ਨੂੰ ਮਹਿਲਾ ਸੰਸਦ ਮੈਂਬਰਾਂ 'ਤੇ ਨਿਸ਼ਾਨਾ ਲਾਉਂਦਿਆਂ ਕਿਹਾ ਸੀ, 'ਇਹ ਉਨ੍ਹਾਂ ਪ੍ਰਗਤੀਸ਼ੀਲ ਡੈਮੋਕ੍ਰੇਟ ਮਹਿਲਾ ਸੰਸਦ ਮੈਂਬਰਾਂ ਲਈ ਵੇਖਣਾ ਕਿੰਨਾ ਦਿਲਚਸਪ ਹੈ ਕਿ ਉਹ ਮੂਲ ਰੂਪ ਨਾਲ ਜਿਨ੍ਹਾਂ ਦੇਸ਼ਾਂ ਤੋਂ ਆਈਆਂ ਹਨ ਉਥੋਂ ਦੀਆਂ ਸਰਕਾਰਾਂ ਪੂਰੀ ਤਰ੍ਹਾਂ ਤਬਾਹ, ਸਭ ਤੋਂ ਭ੍ਰਿਸ਼ਟ ਤੇ ਦੁਨੀਆ 'ਚ ਸਭ ਤੋਂ ਅਯੋਗ ਹਨ। ਉਹ ਅਮਰੀਕੀ ਲੋਕਾਂ ਨੂੰ ਚੀਕ-ਚੀਕ ਕਹਿ ਰਹੀਆਂ ਹਨ ਕਿ ਸਾਡੀ ਸਰਕਾਰ ਨੂੰ ਕਿਸ ਤਰ੍ਹਾਂ ਚਲਾਇਆ ਜਾਵੇ? ਉਹ ਜਿੱਥੋਂ ਆਈਆਂ ਹਨ ਉੱਥੇ ਵਾਪਸ ਕਿਉਂ ਨਹੀਂ ਚਲੀਆਂ ਜਾਂਦੀਆਂ ਤੇ ਉਨ੍ਹਾਂ ਤਬਾਹ ਤੇ ਅਪਰਾਧ ਪ੍ਰਭਾਵਿਤ ਥਾਵਾਂ ਦੀ ਸਮੱਸਿਆ ਨੂੰ ਦੂਰ ਕਰਨ 'ਚ ਮਦਦ ਕਿਉਂ ਨਹੀਂ ਕਰਦੀਆਂ?' ਇਸ ਟਿੱਪਣੀ ਨੂੰ ਲੈ ਕੇ ਟਰੰਪ ਤੇ ਵਿਰੋਧੀ ਧਿਰ ਦੇ ਨੇਤਾਵਾਂ



'ਚ ਜ਼ੁਬਾਨੀ ਜੰਗ ਜਾਰੀ ਹੈ। ਟਰੰਪ ਨੇ ਹੁਣ ਕਿਹਾ ਹੈ, 'ਡੈਮੋਕ੍ਰੇਟਸ ਹੁਣ ਤਕ ਇਨ੍ਹਾਂ ਤੋਂ ਦੂਰੀ ਬਣਾਉਣ ਦਾ ਯਤਨ ਕਰ ਰਹੇ ਸਨ, ਪਰ ਹੁਣ ਉਹ ਇਨ੍ਹਾਂ ਨੂੰ ਗਲ਼ੇ ਲਾਉਣ ਨੂੰ ਮਜਬੂਰ ਹਨ। ਇਸ ਦਾ ਮਤਲਬ ਇਹ ਹੈ ਕਿ ਉਹ ਇਜ਼ਰਾਈਲ ਤੇ ਅਮਰੀਕਾ ਪ੍ਰਤੀ ਨਫ਼ਰਤ ਦੀ ਹਮਾਇਤ ਕਰ ਰਹੇ ਹਨ। ਡੈਮੋਕ੍ਰੇਟਸ ਲਈ ਇਹ ਚੰਗਾ ਨਹੀਂ ਹੈ।'

ਟਰੰਪ ਦੇ ਨਿਸ਼ਾਨੇ 'ਤੇ ਆਈਆਂ ਸੰਸਦ ਮੈਂਬਰਾਂ ਅਲੈਗਜ਼ੈਂਡ੍ਰੀਆ ਓਕਾਸੀਓ-ਕਾਰਟੇਜ, ਇਲਹਾਨ ਉਮਰ, ਰਸ਼ੀਦਾ ਤਾਲਿਬ ਤੇ ਅਯਾਨ ਪ੍ਰੈਸਲੀ ਨੇ ਇਕ ਪ੍ਰੈੱਸ ਕਾਨਫਰੰਸ 'ਚ ਅਮਰੀਕੀ ਰਾਸ਼ਟਰਪਤੀ ਦੇ ਟਵੀਟ ਦੀ ਤਿੱਖੀ ਨਿਖੇਧੀ ਕੀਤੀ। ਉਮਰ ਨੇ ਕਿਹਾ, 'ਉਹ ਅਜਿਹੇ ਰਾਸ਼ਟਰਪਤੀ ਹਨ ਜੋ ਸਾਡੇ ਇਤਿਹਾਸ ਦੇ ਸਭ ਤੋਂ ਭ੍ਰਿਸ਼ਟ ਪ੍ਰਸ਼ਾਸਨ ਦੀ ਦੇਖਰੇਖ ਕਰ ਰਹੇ ਹਨ। ਇਸ ਤੋਂ ਵਿਚਲਿਤ ਹੋ ਕੇ ਉਹ ਪ੍ਰਤੀਨਿਧੀ ਸਭਾ ਦੀਆਂ ਚਾਰ ਚੁਣੀਆਂ ਮੈਂਬਰਾਂ 'ਤੇ ਨਸਲੀ ਹਮਲਾ ਕਰ ਰਹੇ ਹਨ। ਇਹ ਸਫੈਦ ਰਾਸ਼ਟਰਵਾਦ ਦਾ ਏਜੰਡਾ ਹੈ।'

ਆਪਣੇ ਵਿਵਾਦਤ ਟਵੀਟ 'ਚ ਕਿਸੇ ਦਾ ਨਾਂ ਨਹੀਂ ਲੈਣ ਵਾਲੇ ਟਰੰਪ ਨੇ ਆਪਣੇ ਬਚਾਅ 'ਚ ਕਿਹਾ, 'ਉਹ ਸਾਡੇ ਦੇਸ਼ ਨੂੰ ਨਫ਼ਰਤ ਕਰਦੀਆਂ ਹਨ। ਇਹ ਸੰਭਵ ਹੈ ਕਿ ਮੈਂ ਗ਼ਲਤ ਹਾਂ। ਵੋਟਰ ਇਸ ਦਾ ਫ਼ੈਸਲਾ ਕਰਨਗੇ। ਪਰ ਮੈਂ ਇਹ ਸੁਣਿਆ ਕਿ ਉਹ ਸਾਡੇ ਦੇਸ਼ ਬਾਰੇ ਕਿਸ ਤਰ੍ਹਾਂ ਦੀਆਂ ਗੱਲਾਂ ਕਰਦੀਆਂ ਹਨ। ਮੈਂ ਸੁਣਿਆ ਕਿ ਉਨ੍ਹਾਂ 'ਚ ਇਜ਼ਰਾਈਲ ਲਈ ਨਫ਼ਰਤ ਤੇ ਅਲਕਾਇਦਾ ਜਿਹਿਆਂ ਲਈ ਪਿਆਰ ਹੈ।'

# ਪੰਜਾਬ ਹੋਇਆ ਜਲਥਲ, ਹਰ ਪਾਸੇ ਪਾਣੀ ਹੀ ਪਾਣੀ

ਬਠਿੰਡਾ- ਪੰਜਾਬ 'ਚ ਬਿਨਾਂ ਫੰਡਾਂ ਤੋਂ ਹੜ੍ਹਾਂ ਨੂੰ ਬੰਨ੍ਹ ਮਾਰਨਾ ਔਖਾ ਹੈ। ਜਦੋਂ ਹੁਣ ਮੌਨਸੂਨ ਪੰਜਾਬ ਦੇ ਸਿਰ ਚੜ੍ਹ ਬੋਲਣ ਲੱਗੀ ਹੈ ਤਾਂ ਫਿਰ ਵੀ ਸਰਕਾਰ ਦੀ ਜਾਗ ਨਹੀਂ ਖੁੱਲ੍ਹੀ। ਦੋ ਤਿੰਨ ਵਰ੍ਹਿਆਂ ਤੋਂ ਪੰਜਾਬ ਦੇ ਹਰ ਜ਼ਿਲ੍ਹੇ 'ਚ ਹੜ੍ਹ ਰੋਕੂ ਪ੍ਰਬੰਧਾਂ ਤਹਿਤ ਸਾਜ਼ੋ-ਸਾਮਾਨ ਦੀ ਮੰਗ ਕੀਤੀ ਜਾ ਰਹੀ ਹੈ ਪ੍ਰੰਤੂ ਇਸ ਵਾਸਤੇ ਕੋਈ ਫੰਡ ਜਾਰੀ ਨਹੀਂ ਹੋਇਆ ਹੈ। ਕੁਦਰਤੀ ਆਫ਼ਤਾਂ ਵਾਲੇ ਰਾਹਤ ਫੰਡ ਵੀ ਸਰਕਾਰ ਨੇ ਪੰਜ ਦਿਨ ਪਹਿਲਾਂ ਹੀ ਪ੍ਰਵਾਨ ਕੀਤੇ ਹਨ, ਜਿਨ੍ਹਾਂ ਦੇ ਪੱਤਰ ਹੁਣ ਜ਼ਿਲ੍ਹਿਆਂ ਵਿਚ ਪੁੱਜ ਰਹੇ ਹਨ। ਡਿਪਟੀ ਕਮਿਸ਼ਨਰਾਂ ਦੇ ਹੱਥ ਖਾਲੀ ਹਨ ਜਦੋਂਕਿ ਕਈ ਜ਼ਿਲ੍ਹਿਆਂ ਵਿਚ ਮੀਂਹ ਨੇ ਸਭ ਕੁਝ ਹੂੰਝ ਦਿੱਤਾ ਹੈ। ਬਠਿੰਡਾ ਤੇ ਮਾਨਸਾ ਜ਼ਿਲ੍ਹੇ ਨੇ ਪੰਜਾਬ ਸਰਕਾਰ ਨੂੰ ਮਈ ਮਹੀਨੇ ਵਿਚ ਮੰਗ ਭੇਜ ਦਿੱਤੀ ਸੀ ਕਿ ਹੜ੍ਹਾਂ ਦੇ ਸੰਭਾਵੀ ਖ਼ਤਰੇ ਦੇ ਮੱਦੇਨਜ਼ਰ ਹੜ੍ਹ ਰੋਕੂ ਸਾਜ਼ੋ-ਸਾਮਾਨ ਲਈ ਫੰਡ ਜਾਰੀ ਕੀਤੇ ਜਾਣ, ਜਿਨ੍ਹਾਂ ਵਿੱਚ ਕਿਸ਼ਤੀਆਂ ਵਗੈਰਾ ਦੀ



ਮੰਗ ਵੀ ਕੀਤੀ ਗਈ ਸੀ। ਮਾਲਵੇ ਦੇ ਹੋਰਨਾਂ ਜ਼ਿਲ੍ਹਿਆਂ ਵੱਲੋਂ ਵੀ ਇਹ ਮੰਗ ਭੇਜੀ ਗਈ ਹੈ। ਕਿਸੇ ਵੀ ਜ਼ਿਲ੍ਹੇ ਵਿਚ ਇਹ ਫੰਡ ਮਿਲੇ ਨਹੀਂ ਹਨ। ਮਾਲਵੇ ਦੇ ਦੋ ਜ਼ਿਲ੍ਹਾ ਅਧਿਕਾਰੀਆਂ ਨੇ ਦੱਸਿਆ ਕਿ ਬਿਨਾਂ ਫੰਡਾਂ ਤੋਂ ਹੜ੍ਹਾਂ ਰੋਕਣ ਵਾਸਤੇ ਪ੍ਰਬੰਧ ਕਰਨੇ ਮੁਸ਼ਕਲ ਹੋ ਜਾਂਦੇ ਹਨ। ਵਗਾਰ ਨਾਲ ਹੀ ਕੰਮ ਚਲਾਉਣਾ ਪੈਂਦਾ ਹੈ। ਅਫ਼ਸਰਾਂ ਦੇ ਹੱਥ ਖਾਲੀ ਹਨ ਜਦੋਂ ਕਿ ਸ਼ਹਿਰ ਮੀਂਹ ਦੇ ਪਾਣੀ ਨਾਲ ਭਰੇ ਹੋਏ ਹਨ। ਮਾਲ ਵਿਭਾਗ ਪੰਜਾਬ ਨੇ 11 ਜੁਲਾਈ ਨੂੰ ਹੀ ਕੁ-ਦਰਤੀ ਆਫ਼ਤਾਂ ਵਾਲੇ 3.60 ਕਰੋੜ ਦੇ ਰਾਹਤ ਫੰਡ ਜਾਰੀ ਕੀਤੇ ਹਨ, ਜਿਨ੍ਹਾਂ ਨੂੰ ਮਨੁੱਖੀ ਜਾਨਾਂ ਅਤੇ ਮਕਾਨਾਂ ਆਦਿ ਦੇ ਨੁਕਸਾਨ ਦੀ ਪੂਰਤੀ ਲਈ ਵਰਤਣ ਦੀ ਪ੍ਰਵਾਨਗੀ ਦਿੱਤੀ ਗਈ ਹੈ।

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
MANDEEP SANDHU
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
6930 65TH STREET # 115 SACRAMENTO CA 95823
Sandeep Jony Bagga

MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
RAMESH SUMAN
Broker Realtor
RCS-D ™
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook
Follow us on Twitter
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE
LARGEST
COLLECTION
FOR INDIAN
FIJIAN & PAKISTANI
GROCERY
MUSIC, FABRIC
ARTIFICIAL
JEWELRY, SWEETS,
FRESH VEGETABLES
& MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK
INS
WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com


Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਵ ਵੀਵ ਡੀਵ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਵ ਪੀਵ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

Desi Root.Org Presents :-

# PITTSBURG'S 5TH ANNUAL

# Teeyan Da Mela

## 27 ਜੁਲਾਈ 2019 ਦਿਨ ਸ਼ਨਿਚਰਵਾਰ

### at Martin Luther King JR High School 2012 Carion Ct Pittsburg CA 94565



ਪੰਜਾਬੀ ਮਲਟੀਕਲਚਰਲ ਸੁਸਾਇਟੀ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਹਰ ਸਾਲ ਦੀ ਤਰਾਂ ਇਸ ਸਾਲ ਵੀ ਤੀਆਂ ਦਾ ਮੇਲਾ 27 ਜੁਲਾਈ 2019 ਦਿਨ ਸ਼ਨਿਚਰਵਾਰ ਨੂੰ ਦੁਪਹਿਰ 1 ਵਜੇ ਤੋਂ 6 ਵਜੇ ਤੱਕ Martin Luther King JR High School 2012 Carion Ct Pittsburg CA 94565 ਵਿਖੇ ਪੂਰਨ ਉਤਸ਼ਾਹ ਨਾਲ ਕਰਵਾਇਆ ਜਾ ਰਿਹਾ ਹੈ। ਇਹ ਮੇਲਾ ਬਿਲਕੁਲ ਫਰੀ ਹੈ ਅਤੇ ਸਿਰਫ ਔਰਤਾਂ ਅਤੇ ਬੱਚਿਆਂ ਲਈ ਹੋਵੇਗਾ। ਖਾਣ ਪੀਣ ਦੇ ਸਟਾਲਾਂ ਤੋਂ ਇਲਾਵਾ ਕੱਪੜੇ ਅਤੇ ਗਹਿਣਿਆਂ ਦੇ ਸਟਾਲ ਵੀ ਲਗਾਏ ਜਾਣਗੇ। ਰੈਫਲ ਗਿਫਟ ਕੱਢੇ ਜਾਣਗੇ।

**ਪ੍ਰੋਗਰਾਮ**
27 ਜੁਲਾਈ 2019 ਦਿਨ ਸ਼ਨਿਚਰਵਾਰ
ਸਮਾਂ: ਸ਼ਾਮ 1 ਵਜੇ ਤੋਂ 6 ਵਜੇ ਤੱਕ
ਸਥਾਨ: Martin Luther King JR High School
2012 Carion Ct Pittsburg CA 94565

ਮੇਲੇ ਵਿਚ ਭੰਗੜਾ, ਡਾਂਸ, ਹਿਪ ਹੌਪ, ਗਿੱਧਾ, ਸਕਿੱਟ, ਲਾਈਵ ਡੀ. ਜੇ. ਅਤੇ ਅਤੇ ਹੋਰ ਮਨੋਰੰਜਨ ਦੇ ਪ੍ਰੋਗਰਾਮ ਹੋਣਗੇ।

**Sponsors**
Parmjit Raju, Satya Kaur
Manjit Kaur, Kamaljit Bhatia
Pramjit Kaur/ Spice of India
DJ by :- DJ Munna



**ਹੋਰ ਜਾਣਕਾਰੀ ਲਈ ਸੰਪਰਕ ਕਰੋ :**

**ਪਰਮਜੀਤ ਰਾਜੂ (925)-473-9417, ਕਸ਼ਮੀਰ ਕੌਰ (925)-329-9835**
**ਸੁਮਨ ਹੀਰ (925)-219-5991, ਰੂਬੀ ਰਾਜੂ (925)-550-1088**

# ਸਿਆਸਤਦਾਨਾਂ ਦੀਆਂ 'ਸਰਿੰਜਾਂ' ਹੱਥੋਂ ਪੰਜਾਬ ਦੀ ਤਬਾਹੀ ਰੋਕਣ ਲਈ ਸਾਂਝੇ ਯਤਨ ਕਰਨ ਦੀ ਲੋੜ-ਬਲਤੇਜ ਪੰਨੂੰ

## ਪੰਜਾਬੀ ਰੇਡੀਓ ਯੂਐਸਏ.ਦੇ ਸੀਨੀਅਰ ਪੱਤਰਕਾਰ ਦੇ ਕੈਲੀਫੋਰਨੀਆਂ ਦੌਰੇ ਨੂੰ ਪੰਜਾਬੀਆਂ ਦਾ ਭਰਵਾਂ ਹੁੰਗਾਰਾ

















**ਸੈਨ ਹੋਜੇ–** 'ਬਹਾਦਰ ਅਤੇ ਜੰਗਜੂ ਸਿੱਖ ਕੌਮ ਜਿਸਨੂੰ ਦੁਸ਼ਮਣਾਂ ਦੀਆਂ ਤੋਪਾਂ, ਸਰਕਾਰੀ ਲਸ਼ਕਰ ਖ਼ਤਮ ਨਹੀਂ ਕਰ ਸਕੇ ਨੂੰ ਹੁਣ 'ਅਪਣੀਆਂ ਸਰਕਾਰਾਂ' ਦੀਆਂ ਸਰਿੰਜਾਂ ਖ਼ਤਮ ਕਰ ਕੇ ਛੱਡਣਗੀਆਂ', ਇਹ ਵਿਚਾਰ ਉੱਘੇ ਪੱਤਰਕਾਰ ਬਲਤੇਜ ਪੰਨੂੰ ਨੇ ਇੱਥੇ ਗੁਰਦੁਆਰਾ ਸਾਹਿਬ ਸਿੰਘ ਸਭਾ ਵਿਖੇ ਲੰਘੇ ਐਤਵਾਰ 'ਪੰਜਾਬੀ ਪੱਤਰਕਾਰੀ ਤੇ ਪੰਜਾਬ ਦੀ ਮੌਜੂਦਾ ਸਥਿੱਤੀ' ਸਬੰਧੀ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਪ੍ਰਗਟਾਏ। ਉਨ੍ਹਾਂ ਸੱਤਾਧਾਰੀਆਂ ਅਤੇ ਸਮੱਗਲਰਾਂ ਦੀ ਮਿਲੀ ਭੁਗਤ ਨਾਲ ਪੰਜਾਬ ਵਿਚ ਵੱਡੀ ਪੱਧਰ ਉੱਤੇ ਜਾਨ ਲੇਵਾ ਨਸ਼ਿਆਂ ਦਾ ਧੰਦਾ ਬੇਰੋਕ ਚਲਦੇ ਰਹਿਣ ਉੱਤੇ ਚਿੰਤਾ ਪ੍ਰਗਟ ਕਰਦਿਆਂ ਉਨ੍ਹਾਂ ਕਿਹਾ ਕਿ ਅਸਲ ਵਿੱਚ ਪੰਜਾਬ ਨੂੰ ਤਬਾਹੀ ਵਲ ਧੱਕਣ 'ਚ ਸਿਆਸਤਦਾਨ ਹੀ ਮੋਹਰੀ ਹਨ। ਗੱਲ ਕਿਸੇ ਇਕੱਲੀ ਰਾਜਸੀ ਪਾਰਟੀ ਦੀ ਨਹੀਂ ਅੰਦਰੋਂ ਸਭ ਰਲੇ ਹੋਏ ਹਨ। ਅਕਾਲੀਆਂ ਅਤੇ ਕਾਂਗਰਸੀਆਂ ਦੀ ਹਰ ਧੰਦੇ ਵਿੱਚ 'ਹਿੱਸੇਦਾਰੀ' ਤਾਂ ਜੱਗ ਜ਼ਾਹਿਰ ਹੈ। ਵੈਸੇ ਦੂਸਰੀਆਂ ਪਾਰਟੀਆਂ ਦੇ ਆਗੂ ਵੀ ਦੁੱਧ ਧੋਤੇ ਨਹੀਂ, ਪਰ ਉਨ੍ਹਾਂ ਦਾ ਦਾਅ ਨਾ ਲਗਣ ਕਾਰਨ ਉਹ ਪੰਜਾਬ ਦੇ ਦਰਦੀ ਹੋਣ ਦਾ ਢੰਡੋਰਾ ਪਿੱਟਦੇ ਹਨ। ਪ੍ਰਵਾਸੀ ਪੰਜਾਬੀਆਂ ਵਲੋਂ ਅਪਣੀ ਜਨਮ ਭੂਮੀ ਲਈ ਘਾਲੀਆਂ ਜਾ ਰਹੀਆਂ ਘਾਲਨਾਵਾਂ ਦੀ ਭਰਵੀਂ ਸਰਾਹਨਾ ਕਰਦਿਆਂ ਬਲਤੇਜ ਪੰਨੂੰ ਨੇ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਤੋਂ ਆਉਣ ਵਾਲੇ ਸਿਆਸਤਦਾਨਾਂ ਨੂੰ ਡੋਨੇਸ਼ਨ ਜਾਂ ਫੰਡ ਨਾ ਦਿੱਤੇ ਜਾਣ। ਦਿਨ ਰਾਤ ਹੱਡ ਭੰਨਵੀਂ ਮੇਹਨਤ ਨਾਲ ਕਮਾਏ ਤੁਹਾਡੇ ਪੈਸੇ ਨਿੱਜੀ ਹਿੱਤਾਂ ਲਈ ਵਰਤੇ ਜਾਂਦੇ ਹਨ।

ਪੰਜਾਬ ਦੇ ਪਾਣੀ ਖੋਹ ਕੇ ਹੋਰਨਾਂ ਸੂਬਿਆਂ ਨੂੰ ਦੇਣ ਅਤੇ ਹੁਣ ਪੰਜਾਬ ਦੇ ਧਰਤੀ ਹੇਠਲੇ ਪਾਣੀਆਂ ਦੇ ਮੁੱਕ ਜਾਣ ਦਾ ਜ਼ਿਕਰ ਕਰਦਿਆਂ ਬਲਤੇਜ ਪੰਨੂੰ ਨੇ ਕਿਹਾ ਕਿ ਸਾਡੀਆਂ ਅਗਲੀਆਂ ਪੀੜ੍ਹੀਆਂ ਦਾ ਭਵਿੱਖ ਖ਼ਤਰੇ 'ਚ ਹੈ। ਉਨ੍ਹਾਂ ਨੇ ਪੰਜਾਬ ਨੂੰ ਹੋਰ ਤਬਾਹੀ ਵਲ ਜਾਣੋਂ ਬਣਾਉਣ ਲਈ ਪਰਵਾਸੀ ਪੰਜਾਬੀਆਂ ਨੂੰ ਆਪਸੀ ਗਿਲੇ ਸ਼ਿਕਵੇ ਲਾਂਭੇ ਰਲ ਕੇ ਸਾਂਝੇ ਹੰਭਲੇ ਮਾਰਨ ਦਾ ਸੱਦਾ ਦਿੱਤਾ।

ਸਿੰਘ ਸਭਾ ਮਿਲਪੀਟਸ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਕਰਵਾਏ ਸੈਮੀਨਾਰ 'ਚ ਸੰਗਤਾਂ ਦਾ ਹੁੰਗਾਰਾ ਇੰਨਾ ਭਰਵਾਂ ਸੀ ਕਿ ਸੈਮੀਨਾਰ ਹਾਲ ਖੱਚਾਖੱਚ ਭਰਿਆ ਹੋਣ ਦੇ ਨਾਲ ਲੋਕ ਬਾਹਰ ਖੜ੍ਹੇ ਸਨ। ਇਸ ਮੌਕੇ ਹਾਜ਼ਰ ਸਖ਼-ਸ਼ੀਅਤਾਂ ਵਿੱਚ ਉੱਘੇ ਸਿੱਖ ਆਗੂ ਭਾਈ ਜਸਵਿੰਦਰ ਸਿੰਘ ਜੰਡੀ, ਅਮਰੀਕਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਡਾ. ਪ੍ਰਿਤਪਾਲ ਸਿੰਘ, ਜਸਵੰਤ ਸਿੰਘ ਹੋਠੀ, ਜਸਜੀਤ ਸਿੰਘ, ਅਜਮੇਰ ਸਿੰਘ ਬਿੱਟੂ ਨਿੱਜਰ, ਪ੍ਰੋ. ਬਲਵਿੰਦਰਪਾਲ ਸਿੰਘ ਲਾਲੀ ਧਨੋਆ ਅਤੇ ਹੋਰ ਸ਼ਾਮਲ ਸਨ।

ਇਨ੍ਹੀਂ ਦਿਨ੍ਹੀਂ ਕਨੇਡਾ ਆਏ ਹੋਏ ਬਲਤੇਜ ਪੰਨੂੰ, ਜਿਹੜੇ ਪੰਜਾਬੀ ਰੇਡੀਓ ਯੂ.ਐੱਸ.ਏ. ਦੀ ਪੱਤਰਕਾਰ ਟੀਮ ਦੇ ਸੀਨੀਅਰ ਮੈਂਬਰ ਹਨ, ਨੇ ਕੈਲੀਫੋਰਨੀਆ ਦੇ ਅਪਣੇ ਸੰਖੇਪ ਜਿਹੇ ਦੌਰੇ ਦੌਰਾਨ ਸੈਕਰਾਮੈਂਟੋ ਅਤੇ ਫਰਜ਼ਿਨੋਂ ਵਿਖੇ ਵੀ ਦੋ ਦਿਨ ਵੱਖ ਵੱਖ ਸੈਮੀਨਾਰਾਂ ਨੂੰ ਸੰਬੋਧਨ ਕੀਤਾ। ਪੰਜਾਬ ਅਤੇ ਪੰਜਾਬੀਅਤ ਨੂੰ ਦਰਪੇਸ਼ ਗੰਭੀਰ ਖਤਰਿਆਂ ਬਾਰੇ ਫਿਕਰਮੰਦ ਅਤੇ ਚੇਤੰਨ ਪੰਜਾਬੀ ਸਭਨੀਂ ਥਾਈਂ ਪੰਨੂੰ ਦੇ ਵਿਚਾਰ ਸੁਨਣ ਲਈ ਅਪਣੇ ਜਰੂਰੀ ਕੰਮ ਕਾਜ ਛੱਡ ਕੇ ਵੱਡੀ ਗਿਣਤੀ ਵਿੱਚ ਪੁੱਜੇ। ਇਨ੍ਹਾਂ ਸਾਰੇ ਪ੍ਰੋਗਰਾਮਾਂ ਨੂੰ ਉਲੀਕਣ ਅਤੇ ਸਫ਼ਲ ਬਣਾਉਣ ਲਈ ਪੰਜਾਬੀ ਰੇਡੀਓ ਯੂ.ਐੱਸ.ਏ. ਅਤੇ ਪੰਜਾਬੀ ਕਲਚਰਲ ਸੈਂਟਰ ਯੂ.ਐੱਸ.ਏ. ਫਰੈਜ਼ਨੋਂ ਦੀ ਸਮੁੱਚੀ ਟੀਮ ਨੇ ਸਰਗਰਮ ਭੂਮਿਕਾ ਨਿਭਾਈ।

**ਸੈਕਰਾਮੈਂਟੋ– ਮਿਰਾਜ਼ ਬੈਂਕੁਇਟ ਹਾਲ ਸੈਕਰਾਮੈਂਟੋ** ਵਿਖੇ ਸ਼ੁਕਰਵਾਰ 12 ਜੁਲਾਈ ਨੂੰ ਸ਼ਾਮੀਂ 5:00 ਵਜੇ ਬਲਤੇਜ ਪੰਨੂੰ ਨਾਲ ਮਿਲਣੀ ਦੌਰਾਨ ਪਿਛਲੀ ਬਾਦਲ ਸਰਕਾਰ ਵਲੋਂ ਪਾਏ ਝੂਠੇ ਕੇਸ ਦੌਰਾਨ ਉਨ੍ਹਾਂ ਉੱਤੇ ਕੀਤੀਆਂ ਪੁਲੀਸ ਜ਼ਿਆਦਤੀਆਂ ਬਾਰੇ ਦਸਿਆ। ਵਰਨਣਯੋਗ ਹੈ ਕਿ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਅਕਾਲੀ-ਭਾਜਪਾ ਸਰਕਾਰ ਦੀਆਂ ਪੰਜਾਬ ਅਤੇ ਲੋਕ ਵਿਰੋਧੀਆਂ ਕਾਰਵਾਈਆਂ ਵਿਰੁਧ ਆਵਾਜ਼ ਬੁਲੰਦ ਕਰਨ ਬਦਲੇ ਬਲਤੇਜ ਪੰਨੂੰ ਨੂੰ ਬਲਾਤਕਾਰ ਦਾ ਝੂਠਾ ਕੇਸ ਪਾ ਕੇ ਲੰਮਾ ਸਮਾਂ ਜੇਲ੍ਹ ਵਿੱਚ ਰੱਖਿਆ ਗਿਆ ਸੀ। ਲੰਮੀ ਕਾਨੂੰਨੀ ਲੜਾਈ ਬਾਅਦ ਕੇਸ ਵਿਚੋਂ ਬਾਇਜ਼ਤ ਬਰੀ ਹੋਣ ਬਾਅਦ ਉੱਤਰੀ ਅਮਰੀਕਾ ਆਏ ਬਲਤੇਜ ਪੰਨੂੰ ਨੇ ਕਿਹਾ ਕਿ ਲੋਕਾਂ ਦੇ ਪਿਆਰ ਅਤੇ ਹਮਾਇਤ ਸਦਕਾ ਬੇਹੱਦ ਔਖੇ ਸਮਿਆਂ 'ਚੋਂ ਬਚ ਕੇ ਨਿਕਲੇ ਹਨ। ਲੋਕਾਂ ਦੇ ਪਿਆਰ ਨੇ ਉਨ੍ਹਾਂ ਦਾ ਹੌਂਸਲਾ ਬੁਲੰਦ ਕੀਤਾ ਹੈ। ਮਿਰਾਜ਼ ਬੈਂਕੁਇਟ ਹਾਲ ਦੇ ਰਾਜਾ ਸਿੰਘ ਖੱਖ ਅਤੇ ਪਰਮਪ੍ਰੀਤ ਸਿੰਘ ਡੱਡੀ ਵਲੋਂ ਕਰਵਾਏ ਇਸ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਲਈ ਕਿੰ ਸਪੋਰਟਸ ਕਲੱਬ ਦੇ ਮੋਹਰੀ ਸੁੱਖੀ ਸੇਖੋਂ ਅਤੇ ਰਾਜਾ ਮਨ-ਟੀਕਾ ਨੇ ਭਰਵਾਂ ਸਹਿਯੋਗ ਦਿੱਤਾ।

### ਪੱਤਰਕਾਰੀ ਦੀਆਂ ਲੋਕ ਪੱਖੀ ਸ਼ਾਨਦਾਰ ਰਵਾਇਤਾਂ ਉੱਤੇ ਲਗਾਤਾਰ ਪਹਿਰਾ ਦਿੱਤੇ ਜਾਣ ਦੀ ਲੋੜ-ਪੰਨੂੰ

ਫਰੈਜ਼ਨੋਂ: ਸੀਨੀਅਰ ਪੱਤਰਕਾਰ ਬਲਤੇਜ ਪੰਨੂੰ ਨੇ ਦੇਸ ਵਿਦੇਸ਼ ਵਿਚਲੇ ਪੰਜਾਬੀ ਪੱਤਰਕਾਰਾਂ ਨੂੰ ਸੱਦਾ ਦਿੱਤਾ ਹੈ ਕਿ ਪੰਜਾਬ ਦੀ ਧਰਤੀ ਤੇ ਲੋਕਾਂ ਦਾ ਭਵਿੱਖ ਬੜੇ ਬੇਈਮਾਨ ਸਿਆਸਤਦਾਨਾਂ ਦੇ ਹੱਥਾਂ 'ਚ ਹੋਣ ਕਾਰਨ ਹੁਣ ਸਭਨਾਂ ਨੂੰ ਫੈਸਲਾਕੁਨ ਰੋਲ ਅਦਾ ਪਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਉੱਤੇ ਡਰੱਗ ਮਾਫ਼ੀਆ ਅਤੇ ਬੇਈਮਾਨ ਸਿਆਸਤਦਾਨਾਂ ਨੇ ਅਪਣਾ ਸਿਕੰਜਾ ਇਸ ਤਰ੍ਹਾਂ ਕਸਿਆ ਹੋਇਆ ਹੈ ਕਿ ਅਫ਼ਸਰਸ਼ਾਹੀ ਅਤੇ ਪੁਲੀਸ ਉਨ੍ਹਾਂ ਦੀ ਕਠਪੁੱਤਲੀ ਬਣ ਕੇ ਰਹਿ ਗਈ ਹੈ। ਆਪਣੇ ਜੇਲ੍ਹ ਸਫ਼ਰ ਦੌਰਾਨ ਤਤਕਾਲੀ ਬਾਦਲ ਸਰਕਾਰ ਦੇ ਮੋਹਰੀਆਂ ਵਲੋਂ ਉਨ੍ਹਾਂ ਦੀ ਆਵਾਜ਼ ਬੰਦ ਕਰਾਉਣ ਲਈ ਜਾਨੋਂ ਖ਼ਤਮ ਕਰਾਉਣ ਦੇ ਯਤਨਾਂ ਅਤੇ ਸਾਜ਼ਿਸ਼ਾਂ ਦਾ ਜ਼ਿਕਰ ਕਰਦਿਆਂ ਬਲਤੇਜ ਪੰਨੂੰ ਨੇ ਕਿਹਾ ਕਿ ਬਾਦਲਾਂ ਦਲੀਆ ਦਾ ਸਿੱਧਾ ਹੱਥ ਸੀ। ਪਰ ਕਨੇਡਾ ਅਮਰੀਕਾ ਵਿਚਲੇ ਡਰੱਗ ਮਾਫੀਆ ਦੇ ਹੱਥਠੋਕੇ ਵਿਕਾਊ ਪੱਤਰਕਾਰਾਂ ਵਿਰੁਧ ਲੜਾਈ 'ਚ ਲੋਕਾਂ ਦੇ ਪਿਆਰ ਸਦਕਾ ਉਹ ਅੱਜ ਇਥੇ ਬੋਲ ਸਕਣ ਦੇ ਯੋਗ ਹੋਏ ਹਨ। ਬਲਤੇਜ ਪੰਨੂੰ ਪੰਜਾਬੀ ਕਲਚਰਲ ਸੈਂਟਰ ਯੂ.ਐੱਸ.ਏ. ਫਰੈਜ਼ਨੋਂ ਵਿਖੇ ਸਿੱਖ ਇਤਿਹਾਸ ਅਤੇ ਪੰਜਾਬੀ ਸਭਿਆਚਾਰ ਦੇ ਚਿਤੇਰੇ ਉੱਘੇ ਚਿੱਤਰਕਾਰ ਜਰਨੈਲ ਸਿੰਘ ਦੀਆਂ ਕਲਾ ਕਿਰਤਾਂ ਦੀ ਪੰਜ ਰੋਜ਼ਾ ਨੁਮਾਇਸ਼ ਦਾ 13 ਜੁਲਾਈ 2019 ਸ਼ਨਿਚਰਵਾਰ ਨੂੰ ਬਾਅਦ ਦੁਪਹਿਰ 3:00 ਵਜੇ ਸ਼ੁਰੂ ਉਟਘਾਟਨ ਮੌਕੇ ਬੋਲ ਰਹੇ ਸਨ।

ਪੰਜਾਬੀ ਕਲਚਰਲ ਸੈਂਟਰ ਯੂ.ਐੱਸ.ਏ. ਫਰੈਜ਼ਨੋਂ ਦੇ ਕੋਆਰਡੀਨੇਟਰ ਦਲਜੀਤ ਸਿੰਘ ਸਰਾਂ ਨੇ ਜਰਨੈਲ ਸਿੰਘ ਆਰਟਿਸਟ, ਬਲਤੇਜ ਸਿੰਘ ਪੰਨੂੰ ਅਤੇ ਹੋਰਨਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਬਲਤੇਜ ਪੰਨੂੰ ਦੀ ਲੜਾਈ ਸਭਨਾਂ ਦੀ ਸਾਂਝੀ ਲੜਾਈ ਹੈ। ਇਸ ਨੂੰ ਜਾਰੀ ਰੱਖਣਾ ਹੀ ਜਿਉਂਦੀ ਪੱਤਰਕਾਰੀ ਦੀ ਮਿਸਾਲ ਹੈ।

ਜਰਨੈਲ ਸਿੰਘ ਚਿੱਤਰਕਾਰ, ਜਿਹੜੇ ਖ਼ੁਦ ਸਰੀ ਪ੍ਰੈਸ ਕਲੱਬ ਦੇ ਬਾਨੀ ਪ੍ਰਧਾਨ ਰਹੇ ਹਨ, ਨੇ ਬਲਤੇਜ ਪੰਨੂੰ ਵਲੋਂ ਵਿਖਾਏ ਹੌਸਲੇ ਦੀ ਦਾਦ ਦਿੰਦਿਆਂ ਕਿਹਾ ਕਿ ਨਰੋਏ ਸਮਾਜ ਦੀ ਸਿਰਜਨਾ ਅਤੇ ਸਥਿੱਰਤਾ 'ਚ ਮਜਬੂਤ ਪੱਤਰਕਾਰਤਾ ਦਾ ਵੱਡਾ ਰੋਲ ਹੁੰਦਾ ਹੈ। ਇਸ ਮੌਕੇ ਉਘੀਆਂ ਸਖ਼ਸ਼ੀਅਤਾਂ 'ਚ ਡਾ. ਗੁਰੂਮੇਲ ਸਿੱਧੂ, ਹਰਜਿੰਦਰ ਕੰਗ, ਸੰਤੋਖ ਮਿਨਹਾਸ, ਡਾ. ਅਰਜਨ ਸਿੰਘ ਜੋਸਨ, ਰੇਡੀਓ ਹੋਸਟ ਗੁਰਦੀਪ ਸ਼ੇਰਗਿੱਲ, ਸੀਨੀਅਰ ਪੱਤਰਕਾਰ ਨੀਟਾ ਮਾਛੀਕੇ, ਕੁਲਵੰਤ ਉੱਭੀ ਧਾਲੀਆਂ, ਤਾਰਾ ਸਿੰਘ, ਰੇਡੀਓ ਹੋਸਟ ਜੋਤ ਰਣਜੀਤ, ਇੰਦਰਜੀਤ ਸਿੰਘ, ਹਰਵਿੰਦਰ ਸਿੰਘ ਧਾਲੀਵਾਲ ਅਤੇ ਹੋਰ ਸ਼ਾਮਲ ਸਨ। ਕਾਂਗਰਸਮੈਨ ਜਿੰਮ ਕੌਸਟਾ ਵਲੋਂ ਭੇਜਿਆ ਮਾਣ ਪੱਤਰ ਗੁਰਦੀਪ ਸ਼ੇਰਗਿੱਲ, ਹਰਜੋਤ ਸਿੰਘ ਖਾਲਸਾ, ਜਰਨੈਲ ਸਿੰਘ ਆਰਟਿਸਟ ਅਤੇ ਹੋਰਨਾਂ ਵਲੋਂ ਬਲਤੇਜ ਪੰਨੂੰ ਨੂੰ ਸੌਂਪਿਆ ਗਿਆ। ਸਭਨੀਂ ਥਾਈ ਸਟੇਜ ਸੰਚਾਲਨ ਪੰਜਾਬੀ ਰੇਡੀਓ ਯੂ.ਐੱਸ.ਏ. ਰਾਜਕਰਨਬੀਰ ਸਿੰਘ ਨੇ ਕੀਤਾ।


### ਕਲਾ ਕਿਰਤਾਂ ਦੀ ਨੁਮਾਇਸ਼ 21 ਜੁਲਾਈ ਨੂੰ

ਫਰੀਮਾਂਟ- ਸਿੱਖ ਇਤਿਹਾਸ ਅਤੇ ਪੰਜਾਬੀ ਸਭਿਆਚਾਰ ਦੇ ਚਿਤੇਰੇ ਉੱਘੇ ਚਿੱਤਰਕਾਰ ਜਰਨੈਲ ਸਿੰਘ ਦੀਆਂ ਕਲਾ ਕਿਰਤਾਂ ਦੀ ਇੱਕ ਰੋਜ਼ਾ ਨੁਮਾਇਸ਼ ਦੀ 21 ਜੁਲਾਈ 2019 ਐਤਵਾਰ ਨੂੰ ਸਵੇਰੇ 10:00 ਵਜੇ ਤੋਂ 3:00 ਵਜੇ ਤੱਕ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਲਗਾਈ ਜਾਵੇਗੀ। ਹੋਰ ਜਾਣਕਾਰੀ ਜਾਣਕਾਰੀ ਪ੍ਰੋ. ਬਲਵਿੰਦਰ ਸਿੰਘ ਲਾਲੀ ਧਨੋਆ ਨਾਲ ਫੋਨ ਨੰਬਰ (510) 224-7380 ਉੱਤੇ ਸੰਪਰਕ ਕੀਤਾ ਜਾ ਸਕਦਾ ਹੈ।



ਤਸਵੀਰਾਂ- ਦੇਸ਼ ਦੁਆਬਾ

*Read more www.ambedkartimes.com*



# ਹੌਰਸ ਰਾਈਡਿੰਗ ਨੈਸ਼ਨਲ ਚੈਂਪੀਅਨ ਗੁਰਨਾਜ਼ ਕੌਰ ਲਾਖਨ ਸ੍ਰੀ ਹਰਿਮੰਦਰ ਸਾਹਿਬ ਹੋਈ ਨਤਮਸਤਕ

**ਕੈਲੀਫੋਰਨੀਆਂ (ਕੁਲਵੀਰ ਹੇਅਰ):** ਉੱਘੇ ਅਕਾਲੀ ਆਗੂ ਅਤੇ ਬਿਜ਼ਨਸਮੈਨ ਅਰਵਿੰਦਰ ਸਿੰਘ ਲਾਖਨ ਦੀ ਬੇਟੀ ਤੇ ਹੌਰਸ ਰਾਈਡਿੰਗ ਦੀ ਨੈਸ਼ਨਲ ਚੈਂਪੀਅਨ ਗੁਰਨਾਜ਼ ਕੌਰ ਲਾਖਨ ਆਪਣੇ ਪਰਿਵਾਰਕ ਮੈਂਬਰਾਂ ਭੈਣ, ਮਾਂ ਅਤੇ ਆਪਣੇ ਮਾਮੇ ਨਾਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਈ।ਇਸ ਉਪਰੰਤ ਉਨ੍ਹਾਂ ਆਪਣੀ ਕਾਮਯਾਬੀ ਅਤੇ ਚੜ੍ਹਦੀ ਕਲਾ ਲਈ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਵਾਏ।ਉਨ੍ਹਾਂ ਸ੍ਰੀ ਹਰਿਮੰਦਰ ਸਾਹਿਬ ਅੰਦਰ ਇਲਾਹੀ ਬਾਣੀ ਦਾ ਕੀਰਤਨ ਸਰਵਣ ਕੀਤਾ ਅਤੇ ਕੜਾਹ ਪ੍ਰਸ਼ਾਦਿ ਦੀ ਦੇਗ ਕਰਵਾਈ। ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਗੁਰਨਾਜ਼ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਐਡੀ. ਮੈਨੇਜਰ ਇਕਬਾਲ ਸਿੰਘ ਮੁਖੀ, ਸੂਚਨਾ ਅਧਿਕਾਰੀ ਹਰਿੰਦਰ ਸਿੰਘ ਰੋਮੀ ਅਤੇ ਸਰਬਜੀਤ ਸਿੰਘ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ, ਧਾਰਮਕ ਪੁਸਤਕਾਂ ਦਾ ਸੈੱਟ ਅਤੇ ਸਿਰੋਪਾਓ ਦੇ ਕੇ ਸਨਮਾਨਤ ਕੀਤਾ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਗੁਰਨਾਜ਼ ਨੇ ਦੱਸਿਆ ਕਿ ਉਹ ਹੌਰਸ ਰਾਈਡਿੰਗ 'ਚ ਨੈਸ਼ਨਲ ਚੈਂਪੀਅਨਸ਼ਿਪ ਜਿੱਤ ਚੁੱਕੀ ਹੈ। ਗੁਰਨਾਜ਼ ਦੇ ਮਾਤਾ ਹਰਵਿੰਦਰ ਕੌਰ ਤੇ ਗੁਰਨਾਜ਼ ਦੇ ਨੇ



ਦੱਸਿਆ ਕਿ ਗੁਰਨਾਜ਼ ਨੇ 8 ਸਾਲ ਦੀ ਉਮਰ ਤੋਂ ਹੀ ਪ੍ਰੈਕਟਿਸ ਸ਼ੁਰੂ ਕਰ ਦਿੱਤੀ ਸੀ ਤੇ 13 ਸਾਲ ਦੀ ਉਮਰ ਵਿਚ ਹੀ ਵੱਡੀਆਂ ਮੱਲਾਂ ਮਾਰੀਆਂ। ਉਨ੍ਹਾਂ ਦੱਸਿਆ ਕਿ ਗੁਰਨਾਜ਼ ਨੇ ਹੌਰਸ ਰਾਈਡਿੰਗ ਨੈਸ਼ਨਲ ਚੈਂਪੀਅਨਸ਼ਿਪ ਬੈਰਲ ਰੇਸਿੰਗ ਐਂਡ ਪੋਲ ਬੈਂਡਿੰਗ ਸਪੈਸ਼ੀਲਾਈਜ਼ੇਸ਼ਨ ਕੰਪੀਟੀਸ਼ਨ ਅਤੇ ਕੰਪਲੀਟਸ ਮੇਜਰ ਬੈਰਲ ਰੇਸਿੰਗ ਕੰਪੀਟੀਸ਼ਨ 'ਚ ਹਿੱਸਾ ਲਿਆ ਅਤੇ ਗੁਰਨਾਜ਼ ਅਮਰੀਕਾ ਲਈ ਖੇਡ ਰਹੀ ਹੈ। ਇਸ ਦੇ ਇਲਾਵਾ ਗੁਰਨਾਜ਼ ਮੇਜਰ ਪੈਰਲ ਰੇਸਿੰਗ ਐਸੋਸੀਏਸ਼ਨ ਦੀ ਮੈਂਬਰ ਵੀ ਹੈ, ਜਿਸ ਵਿਚ ਪੂਰੇ ਸੰਸਾਰ ਦੀਆਂ ਪੰਜ ਸੰਸਥਾਵਾਂ ਆਉਂਦੀਆਂ ਹਨ, ਜਿਨ੍ਹਾਂ 'ਚ ਵੈਸਟ ਕੋਸਟ ਬੈਰਲ ਰੇਸਿੰਗ ਐਸੋਸੀਏਸ਼ਨ, ਸਟਰੀਮ ਬੈਰਲ ਰੇਸਿੰਗ, ਅਮਰੀਕਨ ਕੰਪਿਊਟਰ ਬੈਰਲ ਰੇਸਿੰਗ ਐਸੋਸੀਏਸ਼ਨ, ਟ੍ਰਿਪਲ ਸੈਵਨ ਬੈਰਲ ਰੇਸਿੰਗ ਐਸੋਸੀਏਸ਼ਨ ਅਤੇ ਡਾਇਮੰਡ ਬੀ ਬੈਰਲ ਰੇਸਿੰਗ ਐਸੋਸੀਏਸ਼ਨ। ਉਨ੍ਹਾਂ ਦੱਸਿਆ ਕਿ ਗੁਰਨਾਜ਼ ਸੈਕਿੰਡ ਲਾਰਜੈਸਟ ਬੈਰਲ ਰੇਸਿੰਗ ਇਨ ਦਾ ਵਰਲਡ ਡਿਜ਼ਨੀਲੈਂਡ ਕਿੰਗ ਸਿਟੀ ਕੈਲੀਫੋਰਨੀਆ 'ਚ ਸਤੰਬਰ 'ਚ ਹੋਣ ਵਾਲੇ ਮੁਕਾਬਲਿਆਂ 'ਚ ਸ਼ਾਨਦਾਰ ਜਿੱਤ ਪ੍ਰਾਪਤ ਕਰਨ ਲਈ ਸ੍ਰੀ ਗੁਰੂ ਰਾਮਦਾਸ ਜੀ ਦੇ ਚਰਨਾਂ 'ਚ ਅਰਦਾਸ ਕਰਨ ਆਈ ਹੈ।

# ਚੈਂਬਰ ਆਫ ਕਾਮਰਸ ਸੈਕਰਾਮੈਂਟੋ ਦੇ ਟਰੱਸਟੀਜ਼ ਦੀ ਚੋਣ: ਲਖਵਿੰਦਰ ਕੌਰ ਪ੍ਰਧਾਨ ਤੇ ਸੁਖਚੈਨ ਸਿੰਘ ਸਕੱਤਰ, ਕੇਵਲ ਬੋਲੀਨਾ ਖਜਾਨਚੀ ਚੁਣੇ





ਗੋਲਡਨ ਸਟੇਟ ਟਰੱਕ ਸੇਲਜ਼ ਦੇ ਮਾਲਕ ਧਰਮਿੰਦਰ ਸਿੰਘ | ਜੇ. ਪੀ. ਸਿੰਘ | ਕੇਵਲ ਬੋਲੀਨਾ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ)–** ਕਰੀਬ ਇਕ ਦਹਾਕੇ ਤੋਂ ਸਥਾਪਿਤ ਪੰਜਾਬੀਆਂ ਦੀ ਇੰਦਸ ਵੈਲੀ ਅਮਰੀਕਨ ਚੈਂਬਰ ਆਫ ਕਾਮਰਸ ਸੈਕਰਾਮੈਂਟੋ ਦੇ ਟਰੱਸਟੀਜ਼ ਦੀ ਚੋਣ ਸਰਬਸੰਮਤੀ ਨਾਲ ਹੋਈ। ਇਸ ਦੌਰਾਨ ਨਵੇਂ ਬੋਰਡ ਦਾ ਗਠਨ ਕੀਤਾ ਗਿਆ, ਜਿਸ ਵਿਚ ਬੀਬੀ ਲਖਵਿੰਦਰ ਕੌਰ ਨੂੰ ਪ੍ਰਧਾਨ, ਸ. ਦਲਜੀਤ ਸਿੰਘ ਸੰਧੂ ਜੋ ਐਲਕ ਗਰੋਵ ਸ਼ਹਿਰ ਦੇ ਕਮਿਸ਼ਨਰ ਵੀ ਹਨ, ਨੂੰ ਵਾਈਸ ਪ੍ਰਧਾਨ ਚੁਣ ਲਿਆ ਗਿਆ। ਇਸ ਤੋਂ ਇਲਾਵਾ ਸੰਸਥਾ ਦਾ ਫਾਊਂਡਰ ਸੁਖਚੈਨ ਸਿੰਘ ਨੂੰ ਸੈਕਟਰੀ ਚੁਣਿਆ ਗਿਆ। ਖਜਾਨਚੀ ਕੇਵਲ ਕ੍ਰਿਬਨ ਬੋਲੀਨਾ ਤੇ ਅਮਰਜੀਤ ਸਿੰਘ ਬੇਦੀ ਬਾਹਰਲੇ ਕਾਰਜਾਂ ਦੇ ਪ੍ਰਧਾਨ ਚੁਣੇ ਗਏ। ਇਹ ਨਿਯੁਕਤੀਆਂ ਐਲਕ ਗਰੋਵ ਦੇ ਮੇਅਰ ਸਟੀਵ ਲੀ ਦੀ ਹਾਜ਼ਰੀ ਵਿਚ ਹੋਈਆਂ, ਜੋ ਕਿ ਇਸ ਮੌਕੇ ਮੁੱਖ ਮਹਿਮਾਨ ਦੇ ਤੌਰ ਤੇ ਅਤੇ ਮੁੱਖ ਬੁਲਾਰੇ ਸਨ। ਮੇਅਰ ਸਟੀਵ ਲੀ ਨੇ ਅਹੁਦੇਦਾਰਾਂ ਨੂੰ ਸਰਟੀਫਿਕੇਟ ਵੀ ਤਕਸੀਮ ਕੀਤੇ। ਇਸ ਮੌਕੇ ਸੈਕਟਰੀ ਸੁਖਚੈਨ ਸਿੰਘ ਨੇ ਅਹੁਦੇਦਾਰਾਂ, ਬਾਕੀ ਬੋਰਡ ਮੈਂਬਰਾਂ ਤੇ ਮਹਿਮਾਨਾਂ ਦਾ ਧੰਨਵਾਦ ਵੀ ਕੀਤਾ।

## ਪੰਜਾਬ ਸਪੋਰਟਸ ਕਲੱਬ ਸਿਆਟਲ ਦੇ ਸਾਬਕਾ ਪ੍ਰਧਾਨ ਸੁੱਚਾ ਸਿੰਘ ਰੰਧਾਵਾ ਦੀ ਹਾਦਸੇ 'ਚ ਮੌਤ

**ਸਿਆਟਲ (ਗੁਰਚਰਨ ਸਿੰਘ ਢਿੱਲੋਂ)** ਸਿਆਟਲ ਦੀ ਜਾਣੀ ਪਛਾਣੀ ਸ਼ਖਸੀਅਤ, ਪੰਜਾਬ ਸਪੋਰਟਸ ਕਲੱਬ ਸਿਆਟਲ ਦੇ ਸਾਬਕਾ ਪ੍ਰਧਾਨ ਤੇ ਗੁਰਦੁਆਰਾ ਸਿੰਘ ਸਭਾ ਦੀ ਉਸਾਰੀ ਵਿਚ ਵਡਮੁੱਲਾ ਯੋਗਦਾਨ ਪਾਉਣ ਵਾਲੇ ਸੁੱਚਾ ਸਿੰਘ ਰੰਧਾਵਾ (72) ਦੀ ਮੰਗਲਵਾਰ ਤੜਕੇ 4.50 ਵਜੇ ਹਾਦਸਾ ਹੋਣ ਕਾਰਨ ਮੌਕੇ 'ਤੇ ਮੌਤ ਹੋ ਗਈ। ਮਹਿਤਾ ਚੌਂਕ ਦੇ ਨੇੜੇ ਪਿੰਡ ਉਦੋ ਕੇ ਦੇ ਜੰਮਪਲ ਸੁੱਚਾ ਸਿੰਘ ਰੰਧਾਵਾ 1975 ਤੋਂ ਸਿਆਟਲ ਰਹਿ ਰਹੇ ਸਨ ਅਤੇ ਲੰਮੇ ਸਮੇਂ ਤੋਂ ਸਿਆਟਲ ਹਵਾਈ ਅੱਡੇ 'ਤੇ ਟੈਕਸੀ ਚਲਾਉਂਦੇ ਸਨ, ਜੋ ਹਰੇਕ ਦੇ ਮਦਦਗਾਰ, ਸਾਊ ਤੇ ਮਿਲਣਸਾਰ ਇਨਸਾਨ ਸਨ। ਉਹਨਾਂ ਦੇ ਲੜਕੇ ਵਿੰਨੀ ਰੰਧਾਵਾ ਵਕੀਲ ਨੇ ਦੱਸਿਆ ਕਿ ਉਹਨਾਂ ਦਾ ਸਸਕਾਰ ਤੇ ਅੰਤਿਮ ਅਰਦਾਸ ਸ਼ਨਿਚਰਵਾਰ ਹੋਵੇਗੀ। ਸੁੱਚਾ ਸਿੰਘ ਰੰਧਾਵਾ ਲੰਮੇ ਸਮੇਂ ਤੋਂ ਸਿਆਟਲ ਤੋਂ ਰੇਡੀਓ ਵੀ ਚਲਾਉਂਦੇ ਰਹੇ ਅਤੇ ਪੰਜਾਬੀ ਭਾਈਚਾਰੇ ਦੇ ਸਾਂਝੇ ਕੰਮਾਂ, ਖਾਸ ਕਰਕੇ ਖੇਡਾਂ ਵਿਚ ਰੁਚੀ ਰੱਖਦੇ ਸਨ। ਪੰਜਾਬ ਸਪੋਰਟਸ ਕਲੱਬ ਸਿਆਟਲ ਦੇ ਪਹਿਲੇ ਪ੍ਰਧਾਨ



ਬਲਜੀਤ ਸਿੰਘ ਸੋਹਲ, ਦਇਆਬੀਰ ਸਿੰਘ ਪਿੰਟੂ ਬਾਠ, ਜਸਬੀਰ ਸਿੰਘ ਰੰਧਾਵਾ, ਪੰਮੀ ਕੰਗ, ਬਲਹਾਰ ਸਿੰਘ, ਹਰਦੀਪ ਸਿੰਘ ਗਿੱਲ, ਮਨਜੀਤ ਸਿੰਘ ਕੀ ਇੰਸ਼ੋਰੈਂਸ, ਦਲਜੀਤ ਸਿੰਘ ਗਿੱਲ, ਬਾਬਾ ਬੁੱਢਾ ਸੰਸਥਾ ਦੇ ਪ੍ਰਧਾਨ ਸਤਵਿੰਦਰ ਸਿੰਘ ਸੰਧੂ, ਉਪ ਪ੍ਰਧਾਨ ਅਮਰਪਾਲ ਸਿੰਘ ਕਾਹਲੋਂ, ਗੁਰਦੀਪ ਸਿੰਘ ਸਿੱਧੂ, ਉਹਨਾਂ ਦੇ ਗੁਆਂਢੀ ਨਿਰਮਲ ਸਿੰਘ ਪੰਨੂ, ਸੁਖਵਿੰਦਰ ਸਿੰਘ ਸਿੱਧੂ, ਤਰਸੇਮ ਸਿੰਘ, ਸੇਮ ਵਿਰਕ, ਰਾਜਦੀਪ ਸਾਹੀ ਟਰੈਵਲ, ਰਾਮ ਸਿੰਘ ਸੰਧੂ, ਭਜਨ ਸਿੰਘ ਗਿੱਲ ਸਮੇਤ ਸਿਆਸਟਲ ਦੀਆਂ ਨਾਮਵਰ ਸ਼ਖਸੀਅਤਾਂ ਅਤੇ ਭਾਰਤ ਤੋਂ ਸੁਖਜਿੰਦਰ ਸਿੰਘ ਰੰਧਾਵਾ ਨੇ ਗਹਿਰਾ ਦੁੱਖ ਪ੍ਰਗਟ ਕੀਤਾ ਅਤੇ ਦੱਸਿਆ ਕਿ ਸੁੱਚਾ ਸਿੰਘ ਰੰਧਾਵਾ ਦੀ ਜਿੰਦ ਜਾਨ ਤੇ ਹਰਮਨ ਪਿਆਰੀ ਸ਼ਖਸੀਅਤ ਸਨ।

## ਸ਼ਹੀਦ ਊਧਮ ਸਿੰਘ ਅਤੇ ਸ਼ਹੀਦ ਮਦਨ ਲਾਲ ਢੀਂਗਰਾ ਦਾ ਸ਼ਹੀਦੀ ਸਮਾਗਮ 28 ਜੁਲਾਈ

**ਫਰਿਜ਼ਨੋਂ (ਕੁਲਵੀਰ ਹੇਅਰ)–** ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋਂ ਵਲੋਂ ਸ਼ਹੀਦ ਊਧਮ ਸਿੰਘ ਅਤੇ ਸ਼ਹੀਦ ਮਦਨ ਲਾਲ ਢੀਂਗਰਾ ਦਾ ਸ਼ਹੀਦੀ ਸਮਾਗਮ ਅਤੇ ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ 28 ਜੁਲਾਈ ਦਿਨ ਐਤਵਾਰ ਨੂੰ ਇੰਡੀਆ ਓਵਨ ਰੈਸਟੋਰੈਂਟ ਫਰਿਜਨੋਂ ਵਿਖੇ ਕਰਵਾਇਆ ਜਾ ਰਿਹਾ ਹੈ। ਯਾਦ ਰਹੇ ਇੰਡੋ ਅਮੈਰਿਕਨ ਹੈਰੀ-ਟੇਜ ਫੋਰਮ ਹਰ ਸਾਲ ਸ਼ਹੀਦ ਊਧਮ ਸਿੰਘ ਅਤੇ ਸ਼ਹੀਦ ਮਦਨ ਲਾਲ ਢੀਂਗਰਾ ਦੇ ਸ਼ਹੀਦੀ ਸਮਾਗਮ ਅਤੇ ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ ਕਰਵਾਏ ਜਾਂਦੇ ਹਨ । ਇਸ ਸਬੰਧੀ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਦੀ ਇਕ ਮੀਟਿੰਗ ਹੋਈ ਜਿਸ ਵਾਰੇ ਜਾਣਕਾਰੀ ਦਿੰਦਿਆਂ ਨਵਦੀਪ ਧਾਲੀਵਾਲ ਨੇ ਦੱਸਿਆ ਕਿ ਹਰ ਸਮਾਗਮ ਦੀ ਬੱਚਿਆਂ



ਨੂੰ ਵੱਧ ਤੋਂ ਵੱਧ ਟਾਇਮ ਦਿਤਾ ਜਾਵੇਗਾ।ਸਮਾਗਮ ਵਿਚ ਭਾਗ ਲੇਣ ਵਾਲੇ ਵਿਦਿਆਰਥੀਆਂ ਨੂੰ ਯਾਦਗਰੀ ਸਨਮਾਨ ਚਿੰਨ ਅਤੇ ਜੇਤੂ ਵਿਦਿਆਰਥੀਆਂ ਨੂੰ ਨਗਦ ਇਨਮ ਵੀ ਦਿਤਾ ਜਾਵੇਗਾ।ਇਸ ਸਬੰਧੀ ਨਵਦੀਪ ਧਾਲੀਵਾਲ ਦੱਸਿਆ ਕਿ ਇਹ ਸਮਾਗਮ ਦੁਪਿਹਰ 2 ਵਜੇ ਤੋਂ 5 ਵਜੇ ਤੱਕ ਹੋਵੇਗਾ।ਮੁਕਾਬਲੇ ਵਿਚ ਭਾਗ ਲੈਣ ਦੇ ਚਾਹਵਾਨ ਪਹਿਲਾਂ ਆਪਣੀ ਰਜਿਸਟ੍ਰੇਸ਼ਨ ਕਰਵਾ ਲੈਣ। ਰਜਿਸਟਰੇਸ਼ਨ ਲਈ ਸਪੀਚ ਕੰਪੀਟੀਸ਼ਨ ਸਬਜੈਕਟ ਲਿਖ ਕੇ ਈਮੇਲ ਐਡਰੈਸ IAHForum @Gmail.com ਤੇ ਆਪਣਾ ਨਾਮ, ਗਰੁੱਪ ਅਤੇ ਸੰਪਰਕ ਜਾਣਕਾਰੀ ਭੇਜੋ। ਜਿਸ ਵਿਚ ਚਾਹ ਅਤੇ ਸਨੈਕਸ ਦਾ ਪ੍ਰਬੰਧ ਹੋਵੇਗਾ। ਸ਼ਹੀਦੀ ਸਮਾਗਮ ਵਿਚ ਉਚ ਕੋਟੀ ਦੇ ਬੁਲਾਰੇ ਆਪਣੇ ਵਿਚਾਰ ਰੱਖਣਗੇ ਗੀਤ ਸੰਗੀਤ ਵੀ ਹੋਵੇਗਾ।

# ਬਸਪਾ ਨੇ ਚੁੱਕਿਆ ਪੋਸਟ ਮੈਟ੍ਰਿਕ ਸਕਾਲਰਸ਼ਿਪ, ਮਹਿੰਗੀ ਬਿਜਲੀ ਤੇ ਕਰਜ਼ਾ ਮਾਫੀ ਦਾ ਮੁੱਦਾ

**ਫਗਵਾੜਾ (ਰੱਤੂ)–** ਬਹੁਜਨ ਸਮਾਜ ਪਾਰਟੀ (ਬਸਪਾ) ਨੇ ਪੋਸਟ ਮੈਟ੍ਰਿਕ ਸਕਾਲਰਸ਼ਿਪ, ਮਹਿੰਗੀ ਬਿਜਲੀ ਤੇ ਕਰਜ਼ਾ ਮਾਫੀ ਆਦਿ ਮੁੱਦਿਆਂ ਨੂੰ ਲੈ ਕੇ ਅੱਜ ਸੂਬੇ ਭਰ ਵਿੱਚ ਰਾਜਪਾਲ ਪੰਜਾਬ ਦੇ ਨਾਂ ਮੰਗ ਪੱਤਰ ਦਿੱਤੇ। ਇਸੇ ਲੜੀ ਤਹਿਤ ਜਲੰਧਰ ਵਿੱਚ ਬਸਪਾ ਆਗੂਆਂ ਨੇ ਏਡੀਸੀ ਨੂੰ ਮੰਗ ਪੱਤਰ ਸੌਂਪਿਆ। ਇਸ ਮੌਕੇ ਬਸਪਾ ਆਗੂਆਂ ਨੇ ਕਿਹਾ ਕਿ ਕਾਂਗਰਸ ਨੇ ਚੋਣਾਂ ਵੇਲੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦੀ ਰਕਮ ਸਮੇਂ ਸਿਰ ਜਾਰੀ ਕਰਨ ਦਾ ਵਾਅਦਾ ਕੀਤਾ ਸੀ, ਪਰ ਹੁਣ ਕਾਂਗਰਸ ਸਰਕਾਰ ਇਸ ਗੰਭੀਰ ਮੁੱਦੇ ਪ੍ਰਤੀ ਸੁਹਿਰਦ ਨਹੀਂ ਹੈ। ਪੰਜਾਬ ਅੰਦਰ ਅਨੁਸੂਚਿਤ ਜਾਤੀ, ਹੋਰ ਪੱਛੜੇ ਵਰਗ, ਘੱਟ ਗਿਣਤੀਆਂ ਅਤੇ ਉੱਚ ਵਰਗ ਦੇ ਗਰੀਬ ਪਰਿਵਾਰਾਂ ਦੇ ਵਿਦਿਆਰਥੀਆਂ ਨੂੰ ਉਚੇਰੀ ਪੜ੍ਹਾਈ ਵਿੱਚ ਭਾਰੀ ਪਰੇਸ਼ਾਨੀ ਹੋ ਰਹੀ ਹੈ। ਪੋਸਟ ਮੈਟ੍ਰਿਕ ਸਕਾਲਰਸ਼ਿਪ ਤਹਿਤ ਸਰਕਾਰੀ ਤੇ ਗੈਰ ਸਰਕਾਰੀ ਕਾਲਜਾਂ ਵਿੱਚ ਪੜ੍ਹ ਰਹੇ ਐਸਸੀ ਤੇ ਬੀਸੀ ਵਰਗ ਦੇ ਵਿਦਿਆਰਥੀਆਂ ਨੂੰ ਫੀਸ ਭਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ। ਸਰਕਾਰ ਪੋਸਟ ਮੈਟ੍ਰਿਕ ਸਕਾਲਰਸ਼ਿਪ ਦੀ ਰਕਮ ਤੁਰੰਤ ਜਾਰੀ ਕਰੇ, ਤਾਂਕਿ ਐਸਸੀ ਤੇ ਓਬੀਸੀ ਵਿਦਿਆਰਥੀਆਂ ਨੂੰ ਵੀ ਪੜ੍ਹਾਈ ਵਿੱਚ ਕੋਈ ਸਮੱਸਿਆ ਪੇਸ਼ ਨਾ ਆਵੇ। ਬਸਪਾ ਨੇ ਆਪਣੇ ਮੰਗ ਪੱਤਰ ਵਿੱਚ ਇਹ ਵੀ ਕਿਹਾ ਕਿ ਪੰਜਾਬ ਦੀ ਕਾਂਗਰਸ ਸਰਕਾਰ ਨੇ ਬਿਜਲੀ ਦੇ ਬਿੱਲਾਂ ਵਿੱਚ ਭਾਰੀ ਵਾਧਾ ਕਰਕੇ ਸੂਬੇ ਦੇ ਲੋਕਾਂ 'ਤੇ ਵਾਧੂ ਬੋਝ ਪਾਇਆ ਹੈ। ਬਸਪਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਆਪਣੇ ਚੋਣ ਮਨੋਰਥ ਵਿੱਚ ਅਨੁਸੂਚਿਤ ਜਾਤੀ ਵਰਗ ਨਾਲ ਸਬੰਧਤ ਮਜ਼ਦੂਰਾਂ ਦਾ 50 ਹਜ਼ਾਰ ਰੁਪਏ ਤੱਕ ਦੀ ਕਰਜ਼ਾ ਮਾਫੀ ਦਾ ਵਾਅਦਾ ਕੀਤਾ ਸੀ। ਸੂਬੇ ਅੰਦਰ ਮਜ਼ਦੂਰਾਂ ਦੀ ਆਰਥਿਕ ਸਥਿਤੀ ਤਰਸਯੋਗ ਬਣੀ ਹੋਈ ਹੈ। ਇਸ ਲਈ ਪੰਜਾਬ ਸਰਕਾਰ ਕਰਜ਼ਾ ਮਾਫੀ ਦਾ ਵਾਅਦਾ ਤੁਰੰਤ ਪੂਰਾ ਕਰੇ। ਇਸ ਤੋਂ ਇਲਾਵਾ ਪੰਜਾਬ ਅੰਦਰ ਪੰਚਾਇਤੀ ਜ਼ਮੀਨਾਂ ਦਾ ਤੀਜਾ ਹਿੱਸਾ ਜੋ ਕਾਨੂੰਨ ਅਨੁਸਾਰ ਅਨੁਸੂਚਿਤ ਜਾਤੀ ਵਰਗ ਲਈ ਰਾਖਵਾਂ ਹੈ, ਲਈ ਠੋਸ ਨੀਤੀ ਬਣਾਈ ਜਾਵੇ, ਤਾਂ ਕਿ ਪਿੰਡਾਂ ਵਿੱਚ ਪੰਚਾਇਤੀ ਜ਼ਮੀਨ ਦੇ ਠੇਕੇ ਦੀ ਬੋਲੀ ਸਮੇਂ ਆਪਸੀ ਭਾਈਚਾਰਾ ਬਣਿਆ ਰਹੇ ਅਤੇ ਅਨੁਸੂਚਿਤ ਜਾਤੀ ਵਰਗ ਦੇ ਸੰਵਿਧਾਨਕ ਹੱਕਾਂ 'ਤੇ ਧਨਾਢ ਲੋਕ ਡਾਕਾ ਨਾ ਮਾਰ ਸਕਣ। ਜਲੰਧਰ ਵਿੱਚ ਬਸਪਾ ਵੱਲੋਂ ਰਾਜਪਾਲ ਦੇ ਨਾਂ ਏਡੀਸੀ ਨੂੰ ਮੰਗ ਪੱਤਰ ਦਿੱਤਾ ਗਿਆ। ਇਸ ਮੌਕੇ ਬਸਪਾ ਦੇ ਸੂਬਾ ਸਕੱਤਰ ਬਲਵਿੰਦਰ ਕੁਮਾਰ, ਸੁਖਵਿੰਦਰ ਕੋਟਲੀ, ਤੀਰਥ ਰਾਜਪੁਰਾ, ਪਰਮਜੀਤ ਮੱਲ, ਸੰਤੋਸ਼ ਕੁਮਾਰੀ, ਰਾਜੇਸ਼ ਕੁਮਾਰ, ਸਤਪਾਲ ਪਾਲਾ, ਸਤਪਾਲ ਬੱਧਣ, ਕੁਲਦੀਪ ਬੰਗੜ, ਸੁਖਦੇਵ ਬਿਆਸ ਪਿੰਡ, ਸੇਵਾ ਸਿੰਘ ਰੱਤੂ, ਪੀਡੀ ਸ਼ਾਂਤ, ਕੀਰਤਨ ਰਾਮ, ਰਣਜੀਤ ਸਿੰਘ ਆਦਿ ਬਸਪਾ ਆਗੂ ਵੀ ਮੌਜੂਦ ਸਨ।



ਦੇਸ਼ ਦੁਆਬਾ

# ਆਖਿਰ ਸਿੱਧੂ ਨੇ ਅਸਤੀਫਾ ਦੇ ਦਿੱਤਾ

ਕਈ ਦਿਨਾਂ ਦੇ ਕਲੇਸ਼ ਤੋਂ ਬਾਅਦ ਆਖਿਰ ਨਵਜੋਤ ਸਿੰਘ ਸਿੱਧੂ ਨੇ ਅਸਤੀਫਾ ਦੇ ਦਿੱਤਾ। ਵੱਡੀਆਂ ਇੱਛਾਵਾਂ ਪਾਲਣ ਵਾਲੇ ਨਵਜੋਤ ਸਿੰਘ ਸਿੱਧੂ ਆਖਿਰ ਰਾਜਨੀਤੀ ਦੇ ਮੈਦਾਨ ਵਿਚ ਕਲੀਨ ਬੋਲਡ ਹੋ ਗਏ। ਸਿੱਧੂ ਨੇ ਸੋਮਵਾਰ ਨੂੰ ਆਪਣਾ ਅਸਤੀਫ਼ਾ ਕੈਪਟਨ ਅਮਰਿੰਦਰ ਸਿੰਘ ਨੂੰ ਵੀ ਭੇਜ ਦਿੱਤਾ ਜਿਸ ਦੀ ਪੁਸ਼ਟੀ ਕੈਪਟਨ ਅਮਰਿੰਦਰ ਸਿੰਘ ਨੇ ਕਰਦੇ ਹੋਏ ਕਿਹਾ ਕਿ ਜੇ ਸਿੱਧੂ ਕੰਮ ਨਹੀਂ ਕਰਨਾ ਚਾਹੁੰਦੇ ਤਾਂ ਇਸ ’ਚ ਉਹ ਕੀ ਕਰ ਸਕਦੇ ਹਨ। ਮੌਜੂਦਾ ਸਮੇਂ ਸਿੱਧੂ ਦੇ ਅਸਤੀਫ਼ੇ ਦੇ ਸਿਆਸੀ ਮਾਅਨੇ ਤਲਾਸ਼ੇ ਜਾ ਰਹੇ ਹਨ ਅਤੇ ਵੰਨ-ਸੁਵੰਨੇ ਕਿਆਸ ਵੀ ਲਾਏ ਜਾ ਰਹੇ ਹਨ। ਸਿੱਧੂ ਦੀ ਅਗਲੀ ਸਿਆਸੀ ਚਾਲ ਬਾਰੇ ਵੀ ਚਰਚਾਵਾਂ ਚੱਲ ਰਹੀਆਂ ਹਨ। ਨਵਜੋਤ ਸਿੰਘ ਸਿੱਧੂ ਦੇ ਭਾਜਪਾ ਤੋਂ ਤੋੜ-ਵਿਛੋੜੇ ਤੋਂ ਬਾਅਦ ਕਦੇ ਆਮ ਆਦਮੀ ਪਾਰਟੀ, ਕਦੇ ਕਾਂਗਰਸ ਅਤੇ ਕਦੇ ਆਪਣੀ ਪਾਰਟੀ ਬਣਾਉਣ ਦੇ ਚਰਚੇ ਚੱਲਦੇ ਰਹੇ ਸਨ। ਆਖਰਕਾਰ ਪੰਜਾਬ ਦੇ ਅਗਲੇ ਉਪ ਮੁੱਖ ਮੰਤਰੀ ਬਣਨ ਦੀਆਂ ਚਰਚਾਵਾਂ ਦੌਰਾਨ ਸਿੱਧੂ ਕਾਂਗਰਸ ਵਿਚ ਸ਼ਾਮਲ ਹੋ ਗਏ ਪਰ ਚੋਣਾਂ ਤੋਂ ਬਾਅਦ ਉਨ੍ਹਾਂ ਨੂੰ ਸਭ ਤੋਂ ਅਹਿਮ ਸਥਾਨਕ ਸਰਕਾਰਾਂ ਵਿਭਾਗ ਦਿੱਤਾ ਗਿਆ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਅੰਦਰਖਾਤੇ ਖਿੱਚੋਤਾਣ ਦੀਆਂ ਕਨਸੋਆਂ ਉਸ ਵੇਲੇ ਹੀ ਬਾਹਰ ਆਉਣ ਲੱਗ ਪਈਆਂ ਸਨ। ਪਰ ਸਿੱਧੂ ਅਤੇ ਕੈਪਟਨ ਦਰਮਿਆਨ ਪਹਿਲਾ ਵਿਵਾਦ ਉਦੋਂ ਸਾਹਮਣੇ ਆਇਆ ਜਦੋਂ ਸਿੱਧੂ ਕੈਪਟਨ ਦੀ ਇੱਛਾ ਦੇ ਵਿਰੁੱਧ ਇਮਰਾਨ ਖ਼ਾਨ ਦੇ ਤਾਜਪੋਸ਼ੀ ਸਮਾਗਮ ’ਚ ਭਾਗ ਲੈਣ ਪਾਕਿਸਤਾਨ ਚਲੇ ਗਏ ਸਨ। ਪਾਕਿ ਫ਼ੌਜ ਦੇ ਮੁਖੀ ਕਮਰ ਜਾਵੇਦ ਬਾਜਵਾ ਨਾਲ ਸਿੱਧੂ ਦੀ ਜੱਫੀ ਨੇ ਤੂਫ਼ਾਨ ਲਿਆ ਦਿੱਤਾ ਸੀ। ਇਸ ਤੋਂ ਕੈਪਟਨ ਨਾਖ਼ੁਸ਼ ਸਨ। ਜ਼ਿਆਦਾ ਗੱਲ ਉਸ ਵੇਲੇ ਵਿਗੜੀ ਜਦੋਂ ਹੈਦਰਾਬਾਦ ’ਚ ਪ੍ਰੈੱਸ ਕਾਨਫ਼ਰੰਸ ਦੌਰਾਨ ਉਨ੍ਹਾਂ ਨੂੰ ਜਦੋਂ ਪੁੱਛਿਆ ਗਿਆ ਕਿ ਉਹ ਕੈਪਟਨ ਅਮਰਿੰਦਰ ਸਿੰਘ ਦੀ ਇੱਛਾ ਦੇ ਵਿਰੁੱਧ ਪਾਕਿਸਤਾਨ ਕਿਉਂ ਗਏ ਤਾਂ ਉਨ੍ਹਾਂ ਦੋ-ਟੂੱਕ ਕਿਹਾ ਕਿ ’ਅਮਰਿੰਦਰ ਸਿੰਘ ਤਾਂ ਫ਼ੌਜ ਦੇ ਕੈਪਟਨ ਹਨ, ਮੇਰੇ ਕੈਪਟਨ ਤਾਂ ਰਾਹੁਲ ਗਾਂਧੀ ਹਨ। ਇਸ ’ਤੇ ਪੰਜਾਬ ਵਿਚ ਸਿੱਧੂ ਦੇ ਵਿਰੋਧ ਵਿਚ ਕਾਂਗਰਸੀਆਂ ਨੇ ਮੁਹਿੰਮ ਹੀ ਵਿੱਢ ਦਿੱਤੀ ਸੀ। ਉਹ ਆਪਣੀ ਪਤਨੀ ਨਵਜੋਤ ਕੌਰ ਸਿੱਧੂ ਨੂੰ ਚੰਡੀਗੜ੍ਹ ਤੋਂ ਲੋਕ ਸਭਾ ਦੀ ਟਿਕਟ ਦਿਵਾਉਣਾ ਚਾਹੁੰਦੇ ਸਨ ਪਰ ਏਦਾਂ ਨਹੀਂ ਹੋਇਆ। ਸਿੱਧੂ ਨੇ ਇਸ ਦਾ ਦੋਸ਼ ਕੈਪਟਨ ਤੇ ਆਸ਼ਾ ਕੁਮਾਰੀ ਸਿਰ ਮੜ੍ਹਿਆ। ਹਾਲਾਂਕਿ ਲੋਕ ਸਭਾ ਚੋਣਾਂ ਵੇਲੇ ਪੰਜਾਬ ਵਿਚ ਚੋਣ ਪ੍ਰਚਾਰ ਤੋਂ ਸਿੱਧੂ ਨੇ ਦੂਰੀ ਬਣਾ ਕੇ ਰੱਖੀ ਸੀ ਪਰ ਪ੍ਰਿਅੰਕਾ ਗਾਂਧੀ ਦੀ ਪਹਿਲ ਤੋਂ ਬਾਅਦ ਬਠਿੰਡਾ ’ਚ ਇਕ ਰੈਲੀ ਦੌਰਾਨ ਸਿੱਧੂ ਨੇ ਕਹਿ ਦਿੱਤਾ ਸੀ ਕਿ ਕੁਝ ਕਾਂਗਰਸੀ ਅਕਾਲੀਆਂ ਨਾਲ ਫਰੈਂਡਲੀ ਮੈਚ ਖੇਡ ਰਹੇ ਹਨ। ਇਸ ’ਤੇ ਕੈਪਟਨ ਨੇ ਕਿਹਾ ਸੀ ਕਿ ਸਿੱਧੂ ਉਨ੍ਹਾਂ ਦੀ ਥਾਂ ਲੈਣਾ ਚਾਹੁੰਦੇ ਹਨ। ਲੋਕ ਸਭਾ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਅੰਦਾਜ਼ੇ ਲਾਏ ਜਾ ਰਹੇ ਸਨ ਕਿ ਸਿੱਧੂ ਦਾ ਵਿਭਾਗ ਬਦਲਿਆ ਜਾ ਸਕਦਾ ਹੈ ਤੇ ਆਖਰਕਾਰ ਉਹ ਸੱਚ ਹੋਇਆ। ਇਸ ਤੋਂ ਬਾਅਦ ਮੰਨਿਆ ਜਾ ਰਿਹਾ ਸੀ ਕਿ ਨਹਿਰੂ-ਗਾਂਧੀ ਪਰਿਵਾਰ ਸਿੱਧੂ-ਕੈਪਟਨ ਵਿਵਾਦ ਨੂੰ ਸੁਲਝਾਉਣ ਲਈ ਪਹਿਲਕਦਮੀ ਕਰੇਗਾ ਪਰ ਅਜਿਹਾ ਨਹੀਂ ਹੋ ਸਕਿਆ। ਹੋ ਸਕਦਾ ਹੈ ਕਿ ਗਾਂਧੀ ਪਰਿਵਾਰ ਨੇ ਸਿੱਧੂ ਤੇ ਕੈਪਟਨ ਨੂੰ ਮਨਾਉਣ ਦੀ ਕੋਸ਼ਿਸ਼ ਕੀਤੀ ਵੀ ਹੋਵੇ ਪਰ ਸ਼ਾਇਦ ਦੋਵੇਂ ਵੱਡੇ ਆਗੂਆਂ ਦੀ ਜ਼ਿੱਦ ਅੱਗੇ ਗਾਂਧੀ ਪਰਿਵਾਰ ਦੀ ਵੀ ਪੇਸ਼ ਨਹੀਂ ਚੱਲੀ। ਅਜਿਹੇ ਵਿਚ ਸਿੱਧੂ-ਕੈਪਟਨ ਦੀ ਲੜਾਈ ਸਿੱਧੂ ਦੇ ਅਸਤੀਫ਼ੇ ਨਾਲ ਨਵੇਂ ਦੌਰ ਵਿਚ ਪਹੁੰਚ ਗਈ। ਪਰ ਲੋਕ ਸਭਾ ਚੋਣਾਂ ਵਿਚ ਕਾਂਗਰਸ ਦੀ ਹਾਰ ਕਾਰਨ ਕਾਂਗਰਸ ਦੀ ਕੇਂਦਰੀ ਕਮਾਨ ਜਿਉਂ ਹੀ ਕਮਜ਼ੋਰ ਪਈ, ਨਵਜੋਤ ਸਿੰਘ ਸਿੱਧੂ ਦੇ ਲਈ ਰਾਹੁਲ ਗਾਂਧੀ ਦੇ ਦਰਵਾਜ਼ੇ ਤੋਂ ਨਾਉਮੀਦੀ ਵਧਣ ਲੱਗੀ। ਹੁਣ ਸਿੱਧੂ ਕੀ ਕਰਦੇ ਹਨ, ਇਹ ਦੇਖਣ ਵਾਲੀ ਗੱਲ ਹੋਵੇਗੀ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-110

## ਗੁਟਕੇ ਅਤੇ ਪੋਥੀਆਂ ਬਾਰੇ ਸੰਖੇਪ ਪਰ ਵਿਸ਼ੇਸ਼ ਜਾਣਕਾਰੀ



ਅਵਤਾਰ ਸਿੰਘ ਮਿਸ਼ਨਰੀ
510-432-5827

ਮਹਾਨ ਕੋਸ਼ ਅਨੁਸਾਰ ਗੁਟਕਾ ਜਾਂ ਗੁਟਿਕਾ ਸੰਸਕ੍ਰਿਤ ਸ਼ਬਦ ਜਿਸ ਦੇ ਪ੍ਰਕਰਣ ਅਨੁਸਾਰ ਵੱਖ ਵੱਖ ਅਰਥ ਹਨ। ਗੁਟਕਾ-ਗੋਲੀ ਵੱਟੀ, ਮੰਤ੍ਰਵਟੀ, ਛੋਟੇ ਅਕਾਰ ਦੀ ਪੋਥੀ। ਤੰਤ੍ਰਸ਼ਾਸਤ੍ਰ ਅਨੁਸਾਰ ਸਿੱਧਾਂ ਦੀ ਗੋਲੀ ਜਿਸ ਨੂੰ ਮੂੰਹ ਵਿੱਚ ਰੱਖ ਕੇ ਹਰ ਥਾਂ ਜਾਣ ਦੀ ਸ਼ਕਤੀ ਆ ਜਾਂਦੀ ਹੈ। ਭਾਈ ਗੁਰਦਾਸ ਜੀ ਵੀ ਇਸ ਮਿਥ ਬਾਰੇ ਜਿਕਰ ਕਰਦੇ ਹਨ ਕਿ-ਗੁਟਕਾ ਮੂੰਹ ਵਿਚਿ ਪਾਇਕੈ ਦੇਸ ਦਿਸੰਤਰ ਜਾਇ ਖਲੋਵੈ।(ਭਾ.ਗੁ) ਨੋਟ-ਕੋਈ ਮੈਡੀਕਲ ਗੋਲੀ ਖਾ ਕੇ ਉੱਡਣਾ ਜਾਂ ਇਕ ਥਾਂ ਤੋਂ ਦੂਜੀ ਥਾਂ ਉੱਡ ਕੇ ਜਾਣਾ ਕਪੋਲ ਕਲਪਨਾ ਹੈ। ਹਾਂ ਕੋਈ ਤਾਕਤਵਰ ਗੋਲੀ ਜਾਂ ਦਵਾਈ ਖਾ ਕੇ, ਸਰੀਰਕ ਬਲ ਤਾਂ ਹਾਸਲ ਕੀਤਾ ਜਾ ਸਕਦੈ ਜਿਸ ਨਾਲ ਥਕਾਵਟ ਨਾ ਆਵੇ ਤੇ ਮਨੁੱਖ ਲੰਬਾ ਸਫਰ ਕਰ ਸੱਕੇ ਪਰ ਗੋਲੀ ਖਾ ਉੱਡਣਾ ਸਿੱਧੀ ਗਪੌੜ ਹੈ। ਹਾਂ ਸਿੱਧ ਨਸ਼ਈ ਸਨ ਤੇ ਮਾਰੂ ਨਸ਼ਾ ਖਾਧਾ ਹੋਵੇ ਜਾਂ ਭੰਗ-ਸੁੱਖਾ ਹੀ ਪੀਤਾ ਹੋਵੇ ਤਾਂ ਮਨੁੱਖ ਬੇਹੋਸ਼ੀ ਚ ਉੱਡਦਾ ਸਮਝਦੈ ਤੇ ਕਹਿੰਦੇ ਹਨ ਸਰੂਰ ਚ ਇਸ ਦੇ ਧਰਤੀ ਤੇ ਪੈਰ ਨਹੀਂ ਲੱਗਦੇ।

ਸਿੱਖ ਪੰਥ ਵਿਸ਼ਵਕੋਸ਼, ਗੁਰ ਰਤਨ ਪਬਲਿਸ਼ਰਜ਼, ਪਟਿਆਲਾ ਅਨੁਸਾਰ-ਗੁਟਕਾ ਸ਼ਬਦ ਗੁਰਬਾਣੀ ਦੀ ਛੋਟੇ ਅਕਾਰ ਦੀ ਪੋਥੀ ਲਈ ਵਰਤਿਆ ਜਾਂਦਾ ਹੈ। ਇਸ ਦੇ ਪਿਛੋਕੜ ’ਚ ਜਾਈਏ ਤਾਂ ਪਤਾ ਲਗਦਾ ਹੈ ਕਿ ਸੰਸਕ੍ਰਿਤ ਵਿਚ ਗੁਟਕਾ ਗੋਲੀ ਜਾਂ ਵਟੀ ਨੂੰ ਕਹਿੰਦੇ ਹਨ। ਸਿੱਧਾਂ ’ਚ ਸ਼ਕਤੀ ਅਰਜਿਤ ਕਰਨ ਲਈ, ਮੂੰਹ ਵਿੱਚ ਇਕ ਵਿਸ਼ੇਸ਼ ਗੋਲੀ ਰੱਖਣ ਦੀ ਪਰੰਪਰਾ ਰਹੀ ਜਿਸ ਨੂੰ ਮੰਤ੍ਰਵਟੀ ਵੀ ਕਿਹਾ ਜਾਂਦਾ ਸੀ। ਇਸੇ ਸਰਣੀ ਉੱਤੇ ਗੁਰਬਾਣੀ ਦੀ ਵੱਡੀ ਪੋਥੀ ਜਾਂ ਗੁਰੂ ਗ੍ਰੰਥ ਸਾਹਿਬ ਨੂੰ ਹਰ ਸਮੇ ਨਾਲ ਨਾ ਰੱਖ ਸੱਕਣ ਦੇ ਉਪਾ ਵਜੋਂ ਕੁਝ ਚੋਣਵੀ ਬਾਣੀ ਦੀਆਂ ਸੰਖਿਪਤ ਪੋਥੀਆਂ ਤਿਆਰ ਕਰ ਲਈਆਂ ਜਾਂਦੀਆਂ ਸਨ ਜੋ ਉਦਾਸੀ, ਸੇਵਾ-ਪੰਥੀ ਜਾਂ ਨਿਰਮਲੇ ਸਾਧਕ ਆਪਣੇ ਨਾਲ ਹਰ ਵਕਤ ਗਾਤਰੇ ’ਚ ਪਾਈ ਰੱਖਦੇ ਉਨ੍ਹਾਂ ਨੂੰ ਗੁਟਕਾ ਕਿਹਾ ਜਾਣ ਲਗਿਆ। ੧੯ਵੀਂ ਸਦੀ ਦੇ ਸੰਘਰਸ਼ ਕਾਲ ’ਚ ਸੂਰਬੀਰ ਸਿੱਖ ਵੀ ਇਸ ਪ੍ਰਕਾਰ ਦੀਆਂ ਪੋਥੀਆਂ ਨੂੰ ਆਪਣੇ ਪਾਸ ਰੱਖਦੇ ਤਾਂ ਜੋ ਜਦੋਂ ਸਮਾਂ ਮਿਲੇ ਗੁਰਬਾਣੀ ਨੂੰ ਵਿਚਾਰ ਲਿਆ ਜਾਵੇ। (ਨੋਟ-ਜੰਗਲ ਬੇਲਿਆਂ ’ਚ ਤਾਂ ਜਿਆਦਾ ਤਰ ਸਿੰਘ ਸਿੰਘਣੀਆਂ ਹੀ ਰਹਿੰਦੇ ਸਨ ਨਾ ਕਿ ਸਰਕਾਰ ਦੇ ਹੱਥ ਠੋਕੇ ਡੇਰੇਦਾਰ)

ਸਿੱਖ ਸੁਧਾਰਵਾਦੀ ਲਹਿਰ ਖਾਸ ਕਰਕੇ "ਸਿੰਘ ਸਭਾ ਲਹਿਰ ਦੇ ਚਲਣ ਨਾਲ ਜਗਿਆਸੂਆਂ ਦੀ ਰੁਚੀ ਪਾਠ ਕਰਨ ’ਚ ਵਧੀ। ਫਲਸਰੂਪ ਸੰਖਿਪਤ ਪੋਥੀਆਂ, ਕਤਾਬਚਿਆਂ ਆਦਿ ਦੀ ਲੋੜ ਮਹਿਸੂਸ ਹੋਣ ਲਗੀ। ਛਪਾਈ ਦਾ ਕੰਮ ਸ਼ੁਰੂ ਹੋ ਜਾਣ ਨਾਲ, ਹੱਥ ਨਾਲ ਲਿਖਣ ਦੀ ਸਮੱਸਿਆ ਦਾ ਕਾਫੀ ਸਮਾਧਾਨ ਹੋ ਗਿਆ। ਜਿਉਂ ਜਿਉਂ ਛਪਾਈ ’ਚ ਵਿਕਾਸ ਹੁੰਦਾ ਗਿਆ, ਗੁਟਕਿਆਂ ਦੀ ਛਪਾਈ ਵੀ ਵਧਦੀ ਗਈ ਤੇ ਇਨ੍ਹਾਂ ਦਾ ਸਰੂਪ ਵੀ ਨਿਖਰਦਾ ਗਿਆ। ..ਕਈ ਤਰਾਂ ਦੇ ਗੁਟਕੇ ਛਪੇ, ਕਿਤਨੀਆਂ ਤੇ ਕਿਹੜੀਆਂ ਬਾਣੀਆਂ ਹੋਣ? ਬਾਰੇ ਕੋਈ ਅਨੁਸ਼ਾਸਤ ਸੀਮਾ ਨਹੀਂ ਹੈ। ਵੱਖਰੀਆਂ-੨ ਸੰਪ੍ਰਦਾਵਾਂ ਜਾਂ ਜਥਿਆਂ ਵਾਲੇ ਆਪਣੇ ਆਸ਼ੇ ਅਨੁਸਾਰ ਇਨ੍ਹਾਂ ਦਾ ਪ੍ਰਕਾਸ਼ਨ ਕਰਦੇ ਰਹੇ। ਨਾਮਧਾਰੀ ਦਰਬਾਰ ਭੈਣੀ ਵਾਲਿਆਂ ਨੇ "ਨਾਮਧਾਰੀ ਨਿਤਨੇਮ" ਨਾਂ ਅਧੀਨ ਆਪਣਾ ਗੁਟਕਾ ਛਾਪਿਆ ਹੋਇਆ ਹੈ।

ਵਿਸ਼ੇਸ਼ ਨੋਟ-ਗੁਰੂ ਸਾਹਿਬਾਨ ਵੇਲੇ ਪੋਥੀ ਲਫਜ਼ ਦਾ ਤਾਂ ਜਿਕਰ ਪਰ ਗੁਟਕੇ ਦਾ ਕਿਤੇ ਵੀ ਨਹੀਂ-ਪੋਥੀ ਪਰਮੇਸਰ ਕਾ ਥਾਨੁ॥ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨ॥੧॥ ਰਹਾਉ॥ (ਸਾਰੰਗ ਮ:੫-੧੨੨੬) ਜਿਹੜੀ ਰੱਬੀ ਪੋਥੀ ਜਾਂ ਕਿਤਾਬ ਗੁਰੂ ਨਾਨਕ ਸਾਹਿਬ ਕੋਲ ਸੀ ਦਾ ਮੱਕੇ ਫੇਰੀ ਸਮੇ ਦਾ ਜਿਕਰ ਹੈ-ਪੁਛਣ ਖੋਲਿ ਕਿਤਾਬ ਨੂੰ ਵਡਾ ਹਿੰਦੂ ਕਿ ਮੁਸਲਮਾਨੋਈ॥ ਬਾਬਾ ਆਖੈ ਹਾਜੀਆਂ ਸ਼ੁਭ ਅਮਲਾਂ ਬਾਝਹੁ ਦੋਨਹੁ ਰੋਈ॥ (ਭਾ.ਗੁ) ਭਾਈ ਗੁਰਦਾਸ ਗੁਰੂ ਅਰਜਨ ਵੇਲੇ ਦਾ ਵਿਸ਼ੇਸ਼ ਜਿਕਰ ਕਰਦੇ ਹਨ ਕਿ ਗੁਰੂ ਤੇ ਗੁਰਸਿੱਖ ਉਸ ਵੇਲੇ ਗਿਆਨ ਪੜ੍ਹਨ ਵਿਚਾਰਨ ਦੀ ਸਹੂਲਤ ਲਈ ਪੋਥੀਆਂ ਲਿਖ ਲੈਂਦੇ ਸਨ-ਗੁਰਬਾਣੀ ਲਿਖਿ ਪੋਥੀਆਂ ਤਾਲ ਮ੍ਰਿਦੰਗ ਰਬਾਬ ਬਜਾਵੈ॥(ਭਾ.ਗੁ) ਬਾਬਾ ਬੰਦਾ ਸਿੰਘ ਬਹਾਦਰ ਤੋਂ ਬਆਦ ਸ਼ਹੀਦ ਭਾਈ ਮਨੀ ਸਿੰਘ ਜੀ ਨੇ ਗੁਰਬਾਣੀ ਦੀਆਂ ਪੋਥੀਆਂ ਲਿਖੀਆਂ ਲਿਖਵਾਈਆਂ ਕਿਉਂਕਿ ਉਸ ਵੇਲੇ ਸਿੰਘਾਂ ਦੇ ਘਰ ਘੋੜਿਆਂ ਦੀਆਂ ਕਾਠੀਆਂ ਤੇ ਸਿੰਘ ਜੰਗਲਾਂ ਵਿੱਚ ਵਿਰਚਰਦੇ ਸਨ। ਆਪਣੇ ਗਾਤਰੇ ਨਾਲ ਇਕ ਪਾਸੇ ਗਾਤਰੇ ਵਾਲੀ ਥੈਲੀ ’ਚ ਗੁਰਬਾਣੀ ਦੀਆਂ ਪੋਥੀਆਂ ਗੁਟਕੇ ਹੁੰਦੇ ਜਦ ਵੀ ਸਮਾ ਮਿਲਦਾ ਗੁਰਬਾਣੀ ਪੜ੍ਹ ਵਿਚਾਰ ਲੈਂਦੇ ਸਨ। ਹੁਣ ਪ੍ਰੋ. ਦਰਸ਼ਨ ਸਿੰਘ ਸਾਬਕਾ ਜਥੇਦਾਰ ਅਕਾਲ ਤਖਤ ਸਾਹਿਬ ਅਤੇ ਡਾ. ਹਰਜਿੰਦਰ ਸਿੰਘ ਦਿਲਗੀਰ ਨੇ ਨਿਰੋਲ “ਸ਼ਬਦ ਗੁਰੂ ਗ੍ਰੰਥ” ਦੀ ਬਾਣੀ ਦੇ ਗੁਟਕੇ ਛਾਪੇ ਨੇ ਅਤੇ ਹੋਰ ਮਿਸ਼ਨਰੀ ਸੰਸਥਾਵਾਂ ਤੇ ਸਿੰਘ ਸਭਾਵਾਂ ਨੂੰ ਵੀ ਨਿਰੋਲ ਗੁਟਕੇ ਅਰਥਾਂ ਸਮੇਤ ਛਾਪਣੇ ਚਾਹੀਦੇ ਹਨ। ਕੰਮ ਤਾਂ ਇਹ ਸ਼੍ਰੋਮਣੀ ਕਮੇਟੀ ਦਾ ਸੀ ਜਿਸ ਵਿੱਚ ਹੁਣ ਧੁੰਮੇ ਵਰਗੇ ਸੰਪ੍ਰਦਾਈ ਸਾਧ ਘੁਮਪੈਠ ਕਰ ਗਏ ਹਨ।

ਅਤਿ ਧਿਆਨਯੋਗ ਨੋਟ-ਸੰਪਰਦਾਈ ਡੇਰੇਦਾਰ ਟਕਸਾਲੀ ਗਲਤ ਪ੍ਰਚਾਰ ਕਰਦੇ ਹਨ ਕਿ ਭਾਈ ਮਨੀ ਸਿੰਘ ਨੇ ਪੋਥੀਆਂ ਗੁਟਕੇ ਬਣਾ ਕੇ ਗੁਰੂ ਦੇ ਟੁਕੜੇ ਕੀਤੇ ਤਾਂ ਹੀ ਗੁਰੂ ਦੇ ਸਰਾਪ ਨਾਲ ਉਸ ਦੇ ਬੰਦ ਬੰਦ ਕੱਟੇ ਗਏ ਸਨ। ਦੇਖੋ! ਪਹਿਲੀ ਗੱਲ ਤਾਂ ਵਰ ਸਰਾਪ ਨਾਲ ਗੁਰਮਤਿ ਦਾ ਕੋਈ ਸਬੰਧ ਹੀ ਨਹੀਂ ਤੇ ਨਾਂ ਹੀ ਗੁਰੂ ਸਾਹਿਬਾਨ ਕਿਸੇ ਨੂੰ ਵਰ ਸਰਾਪ ਦਿੰਦੇ ਸਨ। ਦੂਜਾ ਸਵਾਲ ਕੀ ਗੁਰਮਤਿ ਪ੍ਰਚਾਰ ਵਾਸਤੇ ਗੁਰਬਾਣੀ-ਪੋਥੀਆਂ, ਗੁਟਕੇ ਸਟੀਕ ਲਿਖਣੇ ਪਾਪ ਹਨ? ਜੇ ਨਹੀਂ ਤਾਂ ਟਕਸਾਲੀ ਸੰਪਰਦਾਈ ਡੇਰੇਦਾਰ ਕਿਸ ਕੁਟਲ ਨੀਤੀ ਅਧੀਨ ਭਾਈ ਮਨੀ ਸਿੰਘ ਜੀ ਨੂੰ ਸਰਾਪ ਦਿਵਾ ਰਹੇ ਹਨ? ਕਿਤੇ ਬਨਾਰਸ (ਕਾਸ਼ੀ) ਦਾ ਤਾਂ ਅਸਰ ਨਹੀਂ ਜਿੱਥੋ ਇਨ੍ਹਾਂ ਦੇ ਵਡੇਰੇ ਪੜ੍ਹੇ ਹਨ? ਇਹ ਭੱਦਰ ਪੁਰਸ਼ ਭਾਈ ਮਰਦਾਨੇ ਨੂੰ ਬ੍ਰਾਂਡੀ ਪੀਣਾ ਤੇ ਭੁੱਖਾ, ਭਾਈ ਗੁਰਦਾਸ ਜੀ ਨੂੰ ਭਗੌੜਾ, ਬਾਬਾ ਬੰਦਾ ਸਿੰਘ ਬਹਾਦਰ ਨੂੰ ਗੁਰੂ ਦਾ ਸ਼ਰੀਕ ਅਤੇ ਸ਼ਹੀਦ ਭਾਈ ਮਨੀ ਸਿੰਘ ਨੂੰ ਪੋਥੀਆਂ ਲਿਖਣ ਕਰਕੇ ਗੁਰੂ ਸਰਾਪ ਦੇ ਦੋਸ਼ ਲੌਂਦੇ ਹਨ। ਪੋਥੀ ਦਾ ਇਤਿਹਾਸ ਹੈ ਜਿਸ ਵਿੱਚ ਕੇਵਲ "ਸ਼ਬਦ ਗੁਰੂ ਗ੍ਰੰਥ" ਦੀ ਬਾਣੀ ਹੁੰਦੀ ਸੀ ਪਰ ਡੇਰੇਦਾਰ ਸੰਪ੍ਰਦਾਵਾਂ ਨੇ ਗੁਟਕਿਆਂ ’ਚ ਹੋਰ ਗ੍ਰੰਥਾਂ ਦੀਆਂ ਕਵੀ ਰਚਨਾਵਾਂ ਤੇ ਮਨਮਰਜੀ ਦੇ ਸ਼ਬਦ ਵੀ ਪਾ ਦਿੱਤੇ।

ਦੁੱਖਭੰਜਨੀ ਕੋਈ ਪੋਥੀ ਤੇ ਨਾਂ ਹੀ ਗੁਟਕਾ ਸੀ ਕਿਉਂਕਿ ਦੁੱਖ ਭੰਜਨ ਤਾਂ ਰੱਬ ਦਾ ਨਾਮ ਹੀ ਸੀ-ਦੁਖ ਭੰਜਨੁ ਤੇਰਾ ਨਾਮ ਜੀ..॥(ਗਉੜੀ ਮ:੫-੨੧੮) ਸੁਖਮਨਾ ਤੇ ਸੰਕਟ ਮੋਚਨ ਇਹ ਤਾਂਤ੍ਰਿਕ ਗੁਟਕੇ ਵੀ ਡੇਰੇਦਾਰ ਸਾਧਾਂ ਦੇ ਬਣਾਏ ਨੇ ਜਿੰਨ੍ਹਾਂ ’ਚ ਤਾਂਤ੍ਰਿਕਾਂ ਵਾਲੀਆਂ ਸ਼ਬਦ ਸਿੱਧੀਆਂ ਤੇ ਚਲੀਸੇ ਲਿਖੇ ਹੋਏ ਤੇ ਇਹ ਗੁਰਦੁਆਰਿਆਂ ’ਚ ਸਟਾਲਾਂ ਤੇ ਆਮ ਵਿਕ ਰਹੇ ਹਨ। ਬਹੁਤੇ ਪ੍ਰਬੰਧਕਾਂ ਲਈ ਗੁਰਦੁਆਰੇ ਵਾਪਾਰਕ ਹੋਣ ਕਰਕੇ ਗੁਰਮਤਿ ਵਿਰੋਧੀ ਰੀਤਾਂ ਰਸਮਾਂ, ਥੋਥੇ ਕਰਮਕਾਂਡ, ਤਾਂਤ੍ਰਿਕ ਗੁਟਕੇ ਅਤੇ ਗੁਰੂਆਂ ਭਗਤਾਂ ਦੀਆਂ ਮਨਘੜਤ ਮੂਰਤਾਂ ਵਿਕ ਰਹੀਆਂ ਹਨ।

ਹੁਣ ਵਿਗਿਆਨ ਦਾ ਵਿਰੋਧ ਕਰਣ ਵਾਲੇ ਸਾਧ ਸੰਪ੍ਰਦਾਈਆਂ ਨੇ ਇਹ ਸਾਰਾ ਬ੍ਰਾਹਮਣੀ ਕੂੜ ਕਬਾੜ ਫੋਨ ਨੁਮਾ ਰੇਡੀਓ ’ਚ ਪਾ ਦਿੱਤਾ ਹੈ। ਹਾਂ ਜੇ ਤੁਸੀਂ ਉਸ ਰੇਡੀਓ ਚੋਂ ਮਨਮੱਤੀ ਚਿਪ ਕੱਢ ਕੇ ਨਿਰੋਲ ਗੁਰਬਾਣੀ ਗੁਰਮਤਿ ਵਾਲੀ ਚਿੱਪ ਕੰਪਿਊਟਰ ਤੋਂ ਡਉਨਲੋਡ ਕਰਕੇ ਪਾ ਲੈਂਦੇ ਹੋ ਤਾਂ ਠੀਕ ਹੈ। ਇਸ ਲਈ ਗੁਰਸਿੱਖਾਂ ਨੂੰ ਇਨ੍ਹਾਂ ਬੂਬਣੇ, ਮੀਣੇ ਤੇ ਬ੍ਰਾਹਮਣੀ ਵਿਦਾਂਤ ਦੇ ਭਗਵੇ ਰੰਗ ’ਚ ਰੰਗੇ, ਸਿਖੀ ਦਿਖ ਵਾਲੇ ਡੇਰੇਦਾਰ ਸਾਧ, ਸੰਪ੍ਰਦਾਈ-ਟਕਸਾਲੀਆਂ ਅਤੇ ਇਨ੍ਹਾਂ ਦੇ ਲਿਖੇ ਤੇ ਪ੍ਰਚਾਰੇ ਗਪੌੜਾਂ ਤੋਂ ਦੂਰ ਰਹਿਣ ਦੀ ਲੋੜ ਹੈ। ਸੋ ਵੱਖ ਵੱਖ ਮਨਮਤੀ ਗੁਟਕਿਆਂ ਦੀ ਮਰਯਾਦਾ ਦੇ ਭਰਮ ਚੱਕਰ ’ਚ ਪੈਣ ਦੀ ਥਾਂ ਸਿੱਧਾ "ਸ਼ਬਦ ਗੁਰੂ ਗ੍ਰੰਥ" ਦੀ ਗਿਆਨਮਈ ਬਾਣੀ ਹੀ ਪੜ੍ਹਨੀ ਵਿਚਾਰਨੀ ਤੇ ਧਾਰਨੀ ਚਾਹੀਦੀ ਹੈ ਜੋ ਹੁਣ ਆਮ ਜਨਤਾ ਦੀ ਸਹੂਲਤ ਲਈ ਇੰਟ੍ਰਨੈਟ ਤੇ ਹਰ ਫੋਨ, ਕੰਪਿਊਟਰ, ਲੈਪਟਾਪ ਆਦਿਕ ਹਰ ਡੀਵਾਈਸ ਤੇ ਉਪਲਬਧ ਹੈ।

# ਸੈਕਰਾਮੈਂਟੋ ਵਿਚ ਮਨਾਇਆ ਗਿਆ ਸ਼ਹੀਦ ਸ. ਕਰਤਾਰ ਸਿੰਘ ਸਰਾਭਾ ਦਾ ਜਨਮ ਦਿਨ


**ਸੈਕਰਾਮੈਂਟੋ-** ਪਿਛਲੇ ਦਿਨੀਂ ਭਾਰਤ ਦੀ ਆਜ਼ਾਦੀ ਲਈ ਗਦਰ ਪਾਰਟੀ ਦੇ ਸਭ ਤੋਂ ਛੋਟੀ ਉਮਰ ਦੇ ਸ਼ਹੀਦ ਸ. ਕਰਤਾਰ ਸਿੰਘ ਸਰਾਭਾ ਦਾ ਜਨਮ ਦਿਨ ਮਨਾਇਆ ਗਿਆ। ਇੰਡੋ ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ ਦੇ ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ ਅਤੇ ਜੁਝਾਰ ਸਿੰਘ ਗਿੱਲ ਦੇ ਸਮੁੱਚੇ ਪਰਿਵਾਰ ਵੱਲੋਂ ਗੁਰੂ ਘਰ ਦਸਮੇਸ਼ ਦਰਬਾਰ ਸੈਕਰਾਮੈਂਟੋ ਵਿਚ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਕੀਰਤਨ ਕੀਤੇ ਗਏ। ਬਾਅਦ ਵਿਚ ਸੁਰਿੰਦਰ ਸਿੰਘ ਬਿੰਦਰਾ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਸ ਸਾਲ ਬਾਬਾ ਨਾਨਕ ਦੇ 550 ਸਾਲਾ ਪ੍ਰਕਾਸ਼ ਦਿਵਸ ਆ ਰਿਹਾ ਹੈ। ਉਹਨਾ ਬੜੇ ਵਿਸਥਾਰ ਨਾਲ ਇਸ ਸਾਲ ਜਲ੍ਹਿਆਂ ਵਾਲੇ ਬਾਗ ਦੇ ਖੂਨੀ ਕਾਂਡ ਦਾ ਜ਼ਿਕਰ ਕੀਤਾ। 13 ਅਪ੍ਰੈਲ 1919 ਨੂੰ ਰੋਲਟ ਐਕਟ ਦੇ ਖਿਲਾਫ ਬਾਗ ਵਿਚ ਇਕੱਠੇ ਹੋਏ ਨਿੱਹਥੇ ਲੋਕਾਂ ਨੂੰ ਕਤਲ ਕਰਨ ਲਈ ਗੋਲੀਆਂ ਚਲਾਈਆਂ ਗਈਆਂ। ਇਹ ਕਾਰਾ ਬਰਤਾਨਵੀ ਸਾਮਰਾਜ ਦੇ ਬੁੱਚੜ ਜਨਰਲ ਡਾਇਰ ਵੱਲੋਂ ਅੱਜ ਤੋਂ 100 ਸਾਲ ਪਹਿਲਾਂ ਕੀਤਾ ਗਿਆ ਸੀ। ਜਿਸ ਵਿਚ ਸੈਂਕੜੇ ਲੋਕ ਸ਼ਹੀਦ ਹੋ ਗਏ ਸਨ ਅਤੇ ਸੈਂਕੜੇ ਹੀ ਜ਼ਖਮੀ।



ਅਦਾਰਾ ’ਦੇਸ਼ ਦੁਆਬਾ’ ਸ਼ਹੀਦ ਸ. ਕਰਤਾਰ ਸਿੰਘ ਸਰਾਭਾ ਦੇ ਜਨਮ ਦਿਨ ਤੇ ਸਾਦਰ ਪ੍ਰਣਾਮ ਕਰਦਾ ਹੈ।








ਲੋਕਾਂ ਨੂੰ ਸ਼ਰੇਆਮ ਗਲੀਆਂ ਬਾਜ਼ਾਰਾਂ ਵਿਚ ਕੋੜੇ ਮਾਰੇ ਗਏ। ਢਿੱਡ ਭਾਰ ਰਿੜ ਕੇ ਜਾਣ ਲਈ ਮਜਬੂਰ ਕੀਤਾ ਗਿਆ। ਇਹ ਵਹਿਸ਼ੀਪੁਣਾ, ਜੁਰਮ, ਔਰਤਾਂ, ਬੱਚਿਆਂ ਅਤੇ ਬੁੱਢਿਆਂ ’ਤੇ ਵੀ ਢਾਹਿਆ ਗਿਆ। ਇੱਥੋਂ ਤੱਕ ਕਿ ਗਰਭਵਤੀ ਔਰਤਾਂ ਨੂੰ ਵੀ ਨਹੀਂ ਬਖਸ਼ਿਆ ਗਿਆ। ਵਕੀਲ ਪ੍ਰਮਪ੍ਰੀਤ ਸਿੰਘ ਬਿੰਦਰਾ ਨੇ ਐਲਕ ਗਰੋ ਦੇ ਮੇਅਰ ਨੂੰ ਸੰਗਤਾਂ ਦੇ ਰੂਬਰੂ ਕੀਤਾ ਅਤੇ ਉਹਨਾ ਜਲ੍ਹਿਆਂ ਵਾਲੇ ਬਾਗ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਤੇ ਕਿਹਾ ਕਿ ਇਹ ਇਕ ਬਹੁਤ ਹੀ ਦੁਖਦਾਇਕ ਘਟਨਾ ਸੀ। ਕਸ਼ਮੀਰ ਸਿੰਘ ਕਾਂਗਣਾ ਨੇ ਸ. ਕਰਤਾਰ ਸਿੰਘ ਸਰਾਭਾ ਅਤੇ ਗਦਰ ਪਾਰਟੀ ’ਤੇ ਸੰਖੇਪ ਚਾਨਣਾ ਪਾਇਆ। ਉਹਨਾਂ ਜਲ੍ਹਿਆਂ ਵਾਲੇ ਬਾਗ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਸਰਕਾਰ ਅਤੇ ਸਮੁੱਚੇ ਭਾਰਤੀ ਲੋਕਾਂ ਨੂੰ ਬਰਤਾਨਵੀ ਸਰਕਾਰ ਤੇ ਦਬਾਅ ਪਾਉਣਾ ਚਾਹੀਦਾ ਹੈ ਕਿ ਉਹ ਇਸ ’ਤੇ ਮਾਫੀ ਮੰਗੇ।

ਪ੍ਰੋ. ਕੇਵਲ ਕਲੋਟੀ ਨੇ ਗਦਰ ਪਾਰਟੀ ਦੇ ਇਸ ਮਹਾਨ ਨਾਇਕ ਅਤੇ ਗਦਰ ਪਾਰਟੀ ਦੀਆਂ ਕੀਤੀਆਂ ਕੁਰਬਾਨੀਆਂ ਬਾਰੇ ਬਹੁਤ ਹੀ ਸੀਮਤ ਸਮੇਂ ਵਿਚ ਥੋੜ੍ਹਾ ਤੇ ਪ੍ਰਭਾਵਸ਼ਾਲਾ ਸ਼ਬਦਾਂ ਵਿਚ ਵਰਣਨ ਕੀਤਾ।

ਜਥੇਦਾਰ ਨਰਿੰਦਰਪਾਲ ਸਿੰਘ ਹੁੰਦਲ ਨੇ ਇੰਡੋ ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਦੇ ਪ੍ਰਧਾਨ ਸੁਰਿੰਦਰ ਸਿੰਘ ਤੇ ਜੁਝਾਰ ਸਿੰਘ ਗਿੱਲ ਦੇ ਸਮੁੱਚੇ ਪਰਿਵਾਰ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਹਰ ਸਾਲ ਇਹ ਪਰਿਵਾਰ ਮਿਲ ਕੇ ਸ. ਕਰਤਾਰ ਸਿੰਘ ਸਰਾਭਾ ਦਾ ਜਨਮ ਦਿਨ ਮਨਾਉਣ ਲਈ ਅਖੰਡ ਪਾਠ ਕਰਵਾਉਂਦਾ ਹੈ। ਇਹ ਪਰਿਵਾਰ ਵਧਾਈ ਦਾ ਪਾਤਰ ਹੈ।

ਉਹਨਾਂ ਇੰਡੋ ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਜਥੇਬੰਦੀ ਨੇ ਗਦਰੀ ਬਾਬਿਆਂ ਦੀਆਂ ਕੁਰਬਾਨੀਆਂ ਨੂੰ ਲੋਕਾਂ ਵਿਚ ਉਜਾਗਰ ਕੀਤਾ ਹੈ। ਇਹ ਜਥੇਬੰਦੀ ਹਰ ਸਾਲ ਉਹਨਾਂ ਦੇ ਮੇਲੇ ਕਰਵਾਉਂਦੀ ਹੈ ਅਤੇ ਉਹਨਾਂ ਦੇ ਇਤਿਹਾਸ ਨੂੰ ਸੰਭਾਲਣ ਦਾ ਕੰਮ ਕਰਦੀ ਹੈ। ਇਹ ਜਾਣਕਾਰੀ ਗਿਆਨ ਸਿੰਘ ਬਿਲਗਾ (ਜਨਰਲ ਸਕੱਤਰ) ਨੇ ਦਿੱਤੀ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
’ਦੇਸ਼ ਦੁਆਬਾ’ ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਇੰਡੋ ਯੂ ਐਸ ਏ ਹੈਰੀਟੇਜ਼ ਐਸੋਸੀਏਸ਼ਨ ਵੱਲੋਂ ਪੱਤਰਕਾਰ ਬਲਤੇਜ਼ ਪੰਨੂ ਦਾ ਫਰਿਜ਼ਨੋ ਵਿਖੇ ਸਨਮਾਨ







**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਪੰਜਾਬੀ ਰੇਡੀਓ ਯੂ. ਐਸ. ਏ. ਦੇ ਸੱਦੇ ਤੇ ਉੱਘੇ ਪੱਤਰਕਾਰ ਬਲਤੇਜ ਪੰਨੂੰ ਅੱਜ-ਕੱਲ੍ਹ ਆਪਣੀ ਕੈਲੇਫੋਰਨੀਆਂ ਫੇਰੀ ਤੇ ਹਨ, 'ਤੇ ਆਪਣੇ ਚਾਹੁਣ ਵਾਲ਼ਿਆ ਦੇ ਰਬਰੂ ਹੋ ਰਹੇ ਹਨ। ਇਸੇ ਕੜੀ ਤਹਿਤ ਉਹਨਾਂ ਦਾ ਫਰਿਜਨੋ ਦੀ ਗਦਰੀ ਬਾਬਿਆ ਨੂੰ ਸਮਰਪਿਤ ਸੰਸਥਾ ਇੰਡੋ ਯੂ ਐਸ ਹੈਰੀਟੇਜ਼ ਐਸੋਸੀਏਸ਼ਨ ਵੱਲੋ ਸਥਾਨਿਕ 'ਹਵੇਲੀ' ਰੈਸਟੋਰਿੰਟ ਵਿੱਚ ਵਿਸ਼ੇਸ਼ ਸਨਮਾਨ ਕੀਤਾ ਗਿਆ।

ਇਸ ਮੌਕੇ ਵੱਡੀ ਗਿਣਤੀ ਵਿੱਚ ਫਰਿਜ਼ਨੋਂ ਨਿ-ਵਾਸੀਆਂ ਨੇਂ ਪਹੁੰਚਕੇ ਬਲਤੇਜ ਪੰਨੂੰ ਜੀ ਨੂੰ ਆਇਆ ਕਿਹਾ ਇਸ ਮੌਕੇ ਬੋਲਣ ਵਾਲੇ ਬੁਲਾਰਿਆ ਨੇ ਹੁਕਮਰਾਨਾਂ ਨੂੰ ਉਹਦੇ ਨਾਦਰਸ਼ਾਹ ਰਵੱਈਏ ਲਈ ਕਰੜੇ ਹੱਥੀ ਲਿਆ, ਉਹਨਾਂ ਕਿਹਾ ਕਿ ਪੱਤਰਕਾਰਤਾ ਇਹ ਨਹੀਂ ਹੁੰਦੀ ਕਿ ਸਰਕਾਰ ਦੇ ਗੁਣ ਹੀ ਗਾਇਨ ਕੀਤੇ ਜਾਣ, ਅਸਲੀ ਪੱਤਰਕਾਰੀ ਇਹ ਹੁੰਦੀ ਹੈ ਕਿ ਲੋਕਾਂ ਦੀਆਂ ਨਜ਼ਰਾ ਤੋਂ ਛੁਪਿਆ ਸੱਚ ਕਾਗਜ਼ ਦੀ ਹਿੱਕ ਤੇ ਉਕਰ ਕੇ ਲੋਕ ਕਚਿਹਰੀ ਵਿੱਚ ਲਿਆਦਾ ਜਾਵੇ, ਅਗਰ ਸੱਚ ਲਿਖਣ ਜਾ ਬੋਲਣ ਵਾਲੇ ਪੱਤਰਕਾਰ ਨੂੰ ਉਹਦੇ ਸੱਚ ਦਾ ਸਿਲ੍ਹਾ ਜੇਲ੍ਹ ਦੀ ਚਾਰਦੀਵਾਰੀ ਵਿੱਚ ਡੱਕਕੇ ਦਿੱਤਾ ਜਾਣਾ ਹੀ ਇਨਸਾਫ ਹੈ ਤਾਂ ਇਹ ਲੋਕਤੰਤਰ ਦੇ ਨਾਮ ਤੇ ਧੱਬਾ ਹੈ।

ਇਸ ਮੌਕੇ ਰਣਜੀਤ ਗਿੱਲ ਨੇ ਖਾਸ ਕਰਕੇ ਬਲਤੇਜ ਪੰਨੂੰ ਵੱਲੋ ਨਸ਼ੇ ਵਿਰੋਧ ਛੇੜੀ ਮੁਹਿੰਮ 'ਮਰੋ ਜਾ ਕਰੋ' ਦਾ ਜਿਕਰ ਕੀਤਾ ਅਤੇ ਬਲਤੇਜ ਪੰਨੂੰ ਵੱਲੋ 'ਨਰੋਆ ਪੰਜਾਬ' ਲਹਿਰ ਤਹਿਤ ਪੰਜਾਬ ਦੇ ਗਧਲੇ ਹੋ ਰਹੇ ਪਾਣੀ ਅਤੇ ਹਵਾ ਲਈ ਕੀਤੇ ਜਾ ਰਹੇ ਉਪਰਾਲਿਆ ਨੂੰ ਸਲਾਹਿਆ। ਇਸ ਮੌਕੇ ਸੰਸਥਾ ਦੇ ਬੁਲਾਰੇ ਸਾਧੂ ਸਿੰਘ ਸੰਘਾ ਨੇ ਬਲਤੇਜ ਪੰਨੂੰ ਦੁਆਰਾ ਸੁਰੂ ਕੀਤੀਆ ਲਹਿਰਾ ਨੂੰ ਹਰ ਸੰਭਵ ਸਹਿਯੋਗ ਦੇਣ ਦਾ ਵਾਅਦਾ ਕੀਤਾ।

ਪੱਤਰਕਾਰ ਬਲਤੇਜ ਪੰਨੂੰ ਨੇ ਆਪਣੇ ਸੰਬੋਧਨ ਦੌਰਾਨ ਫਰਿਜਨੋ ਨਿਵਾਸੀਆ ਦਾ ਸਹਿਯੋਗ ਲਈ ਸ਼ੁਕਰੀਆ ਅਦਾ ਕੀਤਾ ਗਿਆ, ਉਹਨਾਂ ਕਿਹਾ ਕਿ ਸਰਕਾਰ ਜੀਹਦੀ ਮਰਜੀ ਹੋਵੇ ਸਰਕਾਰੀ ਧੱਕੇਸ਼ਾਹੀ ਖਿਲਾਫ ਅਸੀ ਲੜਦੇ ਰਹਾਂਗੇ। ਉਹਨਾਂ ਪੰਜਾਬ ਦੀ ਬੰਜਰ ਹੋ ਰਹੀ ਧਰਤੀ ਤੇ ਦੂਸ਼ਿਤ ਹੋ ਰਹੀ ਹਵਾ ਬਾਰੇ ਵੀ ਫਿਕਰਮੰਦੀ ਜਾਹਿਰ ਕੀਤੀ ਤੇ ਐਨ ਆਰ ਆਈ ਵੀਰਾ ਨੂੰ ਆਪੋ ਆਪਣੇ ਪਿੰਡ ਸਾਭਣ ਦੀ ਸਲਾਹ ਦਿੱਤੀ।

ਇਸ ਪੂਰੇ ਸਮਾਗਮ ਦੌਰਾਨ ਸਟੇਜ ਸੰਚਾਲਨ ਪੱਤਰਕਾਰ ਗੁਰਿੰਦਰਜੀਤ ਸਿੰਘ ਨੇ ਬਾਖੂਬੀ ਕੀਤਾ। ਅਖੀਰ ਵਿੱਚ ਬਲਤੇਜ ਪੰਨੂੰ ਅਤੇ ਪੰਜ ਆਬ ਟੀਵੀ ਦੇ ਸੀ ਈ ਓ ਪ੍ਰੈਂਸ ਨੂੰ ਸਨਮਾਨ ਚਿੰਨ ਭੇਂਟ ਕੀਤੇ ਗਏ।

# ਸਤਿਗੁਰ ਗਿਆਨ ਨਾਥ ਜੀ ਦਾ ਜਨਮ ਦਿਹਾੜਾ ਮਨਾਇਆ ਗਿਆ

**ਯੂਬਾ ਸਿਟੀ–** ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਦੇ ਸੱਦੇ 'ਤੇ ਮਹਾਂਰਿਸ਼ੀ ਵਾਲਮੀਕ ਟੈਂਪਲ 84-86 ਪਰਸੀ ਐਵਨਿਊ ਯੂਬਾ ਸਿਟੀ, ਕੈਲੇਫੋਰਨੀਆ ਵਿਖੇ ਸਮੂਹ ਸੰਗਤਾਂ ਵੱਲੋਂ ਬਹੁਤ ਸ਼ਰਧਾ ਤੇ ਉਤਸ਼ਾਹ ਨਾਲ ਪ੍ਰਧਾਨ ਪ੍ਰੇਮ ਸੌਂਧੀ ਜੀ ਦੀ ਅਗਵਾਈ ਹੇਠ ਸਤਿਗੁਰੂ ਗਿਆਨ ਨਾਥ ਜੀ ਦਾ ਜਨਮ ਦਿਹਾੜਾ ਮਨਾਇਆ ਗਿਆ। ਸਭ ਤੋਂ ਪਹਿਲਾਂ ਗ੍ਰੰਥ ਸ੍ਰੀ ਗਿਆਨ ਪ੍ਰਕਾਸ਼ ਜੀ ਦੇ ਪਾਠ ਕੀਤੇ ਗਏ ਤੇ ਉਪਰੰਤ ਆਰਤੀ ਅਰਦਾਸ ਕੀਤੀ ਗਈ ਤੇ ਪ੍ਰਸ਼ਾਦ ਵੰਡਿਆ ਗਿਆ। ਸੰਗਤਾਂ ਨੇ ਟਰੇਸੀ, ਫਰਿਜ਼ਨੋ, ਸੈਕਰਾਮੈਂਟੋ, ਵਲੇਹੋ, ਔਰਾਵਿਲ ਤੋਂ ਆ ਕੇ ਗੁਰ ਚਰਨਾਂ 'ਚ ਹਾਜ਼ਰੀਆਂ ਭਰੀਆਂ। ਪ੍ਰੋਗਰਾਮ ਦੇ ਸ਼ੁਰੂ 'ਚ ਸੰਤੋਖ ਸਿੰਘ ਗਿੱਲ ਵੱਲੋਂ ਸਤਿਗੁਰ ਗਿਆਨ ਨਾਥ ਜੀ ਦੇ ਜੀਵਨ ਸੰਘਰਸ਼ ਤੇ ਕੌਮ ਲਈ ਕੁਰਬਾ-ਨੀਆਂ ਤੇ ਸਰਕਾਰੀ ਫਿਰਕੂ ਤਸ਼ੱਦਦ ਚੱਲਣ ਬਾਰੇ ਬਹੁਤ ਹੀ ਵਿਸਥਾਰ ਜਾਣਕਾਰੀ ਸੰਗਤਾਂ ਨਾਲ ਸਾਂਝੀ ਕੀਤੀ। ਇਹਨਾਂ ਤੋਂ ਬਾਅਦ ਕੇਵਲ ਸਿੱਧੂ ਵਲੇਹੋ, ਗੁਰਪਾਲ ਸਿੰਘ ਸੈਕਰਾਮੈਂਟੋ ਤੇ ਮੋਹਣ ਲਾਲ ਗਿੱਲ ਨੇ ਵੀ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ। ਪ੍ਰੋਗਰਾਮ ਦੌਰਾਨ ਵੱਖ-ਵੱਖ ਕਲਾਕਾਰਾਂ ਭੁਪਿੰਦਰ ਭਿੰਦਾ, ਰੋਹਤਾਸ਼ ਭਗਾਣੀ, ਜੋਗਿੰਦਰ ਸ਼ੌਂਕੀ, ਵਿਸ਼ਾਲ ਸ਼ਰਬਤੀ, ਦੇਸ ਰਾਜ ਸ਼ੁੱਭ, ਬਲਵੀਰ ਧਾਰੀਵਾਲ (ਸੋਨੀ) ਅਤੇ ਛੋਟੀ ਬੱਚੀ ਸਿਮਰਨ ਭਗਾਣੀ ਨੇ ਗੁਰੂ ਗਿਆਨ ਨਾਥ ਜੀ ਦੀ ਉਸਤੱਤ ਵਿਚ ਸਾਰਾ ਦਿਨ ਸ਼ਬਦ ਗਾਇਨ ਕੀਤਾ। ਪ੍ਰੋਗਰਾਮ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਚੱਲਿਆ। ਪ੍ਰੋਗਰਾਮ ਦੌਰਾਨ ਸਾਰਾ ਦਿਨ ਲੰਗਰਾਂ ਦੀ ਅਤੁੱਟ ਸੇਵਾ ਚਲਦੀ ਰਹੀ। ਲੰਗਰਾਂ ਦੀ ਸੇਵਾ ਤਾਜ ਰੈਸਟੋਰੈਂਟ ਯੂਬਾ ਸਿਟੀ ਤੇ ਸਮੂਹ ਸੰਗਤਾਂ ਵੱਲੋਂ ਕੀਤੀ ਗਈ। ਪ੍ਰੋਗਰਾਮ ਦੌਰਾਨ ਸਾਂਭ ਸੰਭਾਲ ਤੇ ਲੰਗਰ ਵਰਤਾਉਣ ਦੀ ਸੇਵਾ ਨੌਜਵਾਨ ਦਵਿੰਦਰ ਸ਼ੁਭ, ਰਮਨ ਥਾਪਰ, ਪਰਦੀਪ ਗਿੱਲ, ਰਵੀ ਕੁਮਾਰ ਚੌਹਾਨ ਸੈਕਰਾਮੈਂਟੋ ਤੇ ਹੋਰ ਸਾਥੀਆਂ ਨੇ ਬਹੁਤ ਹੀ ਪਿਆਰ ਤੇ ਸਤਿਕਾਰ ਨਾਲ ਕੀਤੀ ਗਈ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਸੰਤੋਖ ਸਿੰਘ ਗਿੱਲ ਵੱਲੋਂ ਨਿਭਾਈ ਗਈ। ਪ੍ਰੋਗਰਾਮ ਦੇ ਅੰਤ ਵਿਚ ਪ੍ਰਧਾਨ ਸ੍ਰੀ ਪ੍ਰੇਮ ਲਾਲ ਸੌਂਧੀ ਵੱਲੋਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ ਤੇ ਅਪੀਲ ਕੀਤੀ ਗਈ ਕਿ ਮੰਦਰ ਦੀ ਡਿਵੈਲਪਮੈਂਟ ਲਈ ਵੱਧ ਤੋਂ ਵੱਧ ਆਰਥਿਕ ਸੇਵਾ ਕੀਤੀ ਗਈ। ਉਹਨਾਂ ਨੇ ਇਹ ਵੀ ਐਲਾਨ ਕੀਤਾ ਕਿ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ 13 ਅਕਤੂਬਰ ਦਿਨ ਐਤਵਾਰ 2019 ਨੂੰ ਮੰਦਰ ਵਿਚ ਮਨਾਇਆ ਜਾਵੇਗਾ।

**(ਤਸਵੀਰਾਂ ਦੇਖੋ ਸਫਾ 23 'ਤੇ)**

# ਸਾਹਿਤਕਾਰ 'ਨੂਰਪੁਰੀ' ਦੀ ਕਾਵਿ ਪੁਸਤਕ 'ਹਕੀਕਤ' ਤੇ ਗੋਸ਼ਟੀ ਨੂੰ ਮਿਲਿਆ ਭਰਵਾਂ ਹੁੰਗਾਰਾ

**ਮਿਲਪੀਟਸ (ਬਿਊਰੋ)–** ਪੰਜਾਬੀ ਦੇ ਪ੍ਰਸਿੱਧ ਸਾਹਿਤਕਾਰ ਗੁਰਦਿਆਲ ਸਿੰਘ 'ਨੂਰਪੁਰੀ' ਦੀ ਕਾਵਿ ਪੁਸਤਕ 'ਹਕੀਕਤ'



'ਤੇ ਗੋਸ਼ਟੀ ਗੁਰਦੁਆਰਾ ਸਾਹਿਬ ਸਿੰਘ ਸਭਾ ਬੇ-ਏਰੀਆ 680 ਈ. ਕਲੈਵਰਸ ਬੁਲੇਵਾਰਡ, ਮਿਲਪੀਟਸ ਵਿਖੇ ਬੜੇ ਹੀ ਪ੍ਰਭਾਵਸ਼ਾਲੀ ਢੰਗ ਨਾਲ ਸੰਪੰਨ ਹੋਈ। ਪ੍ਰਵਾਨ ਨੇ ਪੁਸਤਕ ਤੇ ਗੱਲ ਕਰਦਿਆਂ ਕਿਹਾ ਕਿ ਨੂਰਪੁਰੀ ਨੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਸਭਿਆਚਾਰ ਨੂੰ ਕਲਾਵੇ ਵਿਚ ਲੈ ਕੇ ਲੋਕਾਂ ਦਾ ਦਰਦ ਵੰਡਾਇਆ ਹੈ। ਸਮਾਜ ਦੀਆਂ ਅਲਾਮਤਾਂ ਅਤੇ ਉਹਨਾਂ ਦੇ ਹੱਲ ਲਈ ਬੇਬਾਕੀ ਨਾਲ ਲਿਖਿਆ ਹੈ।

ਸਾਹਿਤਕਾਰ ਜਗਤਾਰ ਸਿੰਘ ਗਿੱਲ ਨੇ ਕਿਹਾ ਕਿ ਕਵੀ ਨੇ ਆਪਣੇ ਪਿੰਡ ਦੇ ਨਾਂ ਨੂਰਪੁਰ ਨੂੰ ਆਪਣੇ ਨਾਲ ਜੋੜ ਲਿਆ ਹੈ। ਵਿਚਾਰ ਚਰਚਾ ਵਿਚ ਸ਼ਾਮਲ ਸਨ ਪ੍ਰਸਿੱਧ ਢੋਲੀ ਲਾਲ ਸਿੰਘ ਭੱਟੀ, ਜਸਪਾਲ ਸਿੰਘ ਸੈਣੀ, ਅਵਤਾਰ ਸਿੰਘ ਮਿਸ਼ਨਰੀ, ਸਰਬਜੀਤ ਸਿੰਘ, ਪਿਆਰਾ ਸਿੰਘ ਰੰਧਾਵਾ ਆਦਿ। ਕਵਿਤਾਵਾਂ ਦੇ ਦੌਰ ਵਿਚ ਚਰਨਜੀਤ ਸਿੰਘ ਪੰਨੂ, ਤਰਸੇਮ ਸਿੰਘ ਸੁੰਮਨ, ਜਸਦੀਪ ਸਿੰਘ ਫਰੀਮਾਂਟ, ਡਾ. ਕਪਿਲਾ, ਦਰਸ਼ਨ ਸਿੰਘ ਔਜਲਾ, ਗੁਰਦਿਆਲ ਸਿੰਘ ਨੂਰਪੁਰੀ, ਪ੍ਰਮਿੰਦਰ ਸਿੰਘ ਪ੍ਰਵਾਨਾ ਆਦਿ ਹਾਜ਼ਰ ਸਨ।

ਇਸ ਪ੍ਰੋਗਰਾਮ ਦਾ ਪ੍ਰਬੰਧ ਜਸਵੰਤ ਸਿੰਘ ਹੋਠੀ, ਸਰਬਜੋਤ ਸਿੰਘ ਸਵੱਦੀ, ਕਮਲਜੀਤ ਸਿੰਘ ਮੁੱਖ ਸੇਵਾਦਾਰ, ਹਰਦੀਪ ਸਿੰਘ ਅਤੇ ਬਚਿੱਤਰ ਸਿੰਘ ਆਦਿ ਨੇ ਯੋਗਦਾਨ ਪਾ ਕੇ ਕੀਤਾ।

# ਸਿਆਟਲ ਵਿਚ ਫੁਲਕਾਰੀ ਤੀਆਂ ਦਾ ਮੇਲਾ 2019 ਦੀਆਂ ਤਿਆਰੀਆਂ ਜ਼ੋਰਾਂ 'ਤੇ



ਸਿਆਟਲ (ਗੁਰਚਰਨ ਸਿੰਘ ਢਿੱਲੋਂ)- ਫੁਲਕਾਰੀ ਤੀਆਂ ਦਾ ਮੇਲਾ 2019 ਵਿਲਸਨ ਪਲੇਅ ਫੀਲਡਜ਼ ਕੈਂਟ ਦੇ ਖੁੱਲ੍ਹੇ ਮੈਦਾਨ ਵਿਚ 11 ਅਗਸਤ ਐਤਵਾਰ ਨੂੰ ਸ਼ਾਮ 3.30 ਤੋਂ 8.30 ਵਜੇ ਤੱਕ ਬੜੇ ਸ਼ਾਨੋ ਸ਼ੌਕਤ ਤੇ ਉਤਸ਼ਾਹ ਨਾਲ ਕਰਵਾਈਆਂ ਜਾ ਰਹੀਆਂ ਹਨ, ਜਿਸ ਵਾਸਤੇ ਤਿਆਰੀਆਂ ਜ਼ੋਰਾਂ ਨਾਲ ਚੱਲ ਰਹੀਆਂ ਹਨ। ਮੁੱਖ ਪ੍ਰਬੰਧਕਾਂ ਰਾਜਪ੍ਰੀਤ ਕੌਰ ਮੱਲੀ ਤੇ ਗੁਰਦੀਪ ਕੌਰ ਨੇ ਦੱਸਿਆ ਕਿ ਤੀਆਂ ਦੇ ਮੇਲੇ ਲਈ ਦਾਖਲਾ ਤੇ ਪਾਰਕਿੰਗ ਮੁਫਤ ਹੋਣਗੀਆਂ।

ਖਾਣ ਪੀਣ ਦਾ ਇੰਤਜ਼ਾਮ ਵੀ ਮੁਫਤ ਹੋਵੇਗਾ। ਉਹਨਾਂ ਦੱਸਿਆ ਕਿ ਫੁਲਕਾਰੀ ਤੀਆਂ ਦੇ ਮੇਲੇ ਨੂੰ ਆਯੋਜਿਤ ਕਰਨ ਲਈ ਕੇ. ਕੇ. ਮਾਰਕਟ, ਵਾਜ ਜੀਓਲਰ, ਇੰਡੀਆ ਵਿਲਿਰ, ਰੇਡੀਓ ਪੰਜਾਬ, ਗੁਰਦੀਪ ਕੌਰ ਝੱਲੀ ਰੀਅਲ ਅਸਟੇਟ, ਸ਼ਾਹੀ ਟਰੈਵਲਜ਼, ਸੀਟੇਕ ਗੈਸਟ ਮੋਟਲ ਅਤੇ ਏ. ਸੀ. ਜਿਊਲਰਜ਼ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਜਾ ਰਿਹਾ ਹੈ। ਰਾਜਪ੍ਰੀਤ ਕੌਰ ਤੇ ਗੁਰਦੀਪ ਕੌਰ ਨੇ ਦੱਸਿਆ ਕਿ ਸਿਰਫ ਔਰਤਾਂ ਵਾਸਤੇ ਦਾਖਲਾ ਹੋਵੇਗਾ ਅਤੇ ਡੀ. ਜੇ. ਨਾਲ ਬੋਲੀਆਂ, ਗਿੱਧਾ, ਭੰਗੜਾ ਅਤੇ ਕਈ ਪ੍ਰਕਾਰ ਦੀਆਂ ਵੰਨਗੀਆਂ ਵੇਖਣ ਨੂੰ ਮਿਲਣਗੀਆਂ। ਉਹਨਾਂ ਦੱਸਿਆ ਕਿ ਫੁਲਕਾਰੀ ਮੇਲੇ ਲਈ ਬੀਬੀਆਂ, ਮਾਵਾਂ ਤੇ ਬੱਚੀਆਂ ਵਿਚ ਭਾਰੀ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ।


## 'ਦੇਸ਼ ਦੁਆਬਾ'

### ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ

ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**1-916-947-8920 (ਫੋਨ), 1-916-238-1393 (ਫੈਕਸ)**

**E-mail : deshdoaba@yahoo.com**

**www.deshdoaba.com www.ambedkartimes.com**

# ਅੰਬੇਡਕਰ ਭਵਨ ਦੇ ਟਰੱਸਟੀਆਂ ਨੇ ਭਵਨ ਵਿਚ ਲਗਾਏ ਪੌਦੇ





**ਜਲੰਧਰ–** ਅੰਬੇਡਕਰ ਭਵਨ ਟਰੱਸਟ ਦੇ ਜਨਰਲ ਸਕੱਤਰ ਡਾ. ਜੀ. ਸੀ. ਕੌਲ ਨੇ ਪ੍ਰੈਸ ਦੇ ਨਾਂਮ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਜਲੰਧਰ ਦਾ ਅੰਬੇਡਕਰ ਭਵਨ ਟਰੱਸਟ ਇਸਦੇ ਫਾਊਂਡਰ ਟਰੱਸਟੀ ਲਾਹੌਰੀ ਰਾਮ ਬਾਲੀ ਅਤੇ ਕਰਮ ਚੰਦ ਬਾਠ ਦੁਆਰਾ ਸੰਨ 1972 ਵਿਚ ਹੋਂਦ ਵਿਚ ਆਇਆ ਸੀ, ਜਿਸਨੇ ਦੇਸ਼ ਵਿਦੇਸ਼ 'ਚ ਅੰਬੇਡਕਰ ਮਿਸ਼ਨ ਦਾ ਪ੍ਰਚਾਰ-ਪ੍ਰਸਾਰ ਲਗਾਤਾਰ ਜਾਰੀ ਰੱਖਿਆ। ਉਹਨਾਂ ਨੇ ਅੱਗੇ ਦੱਸਿਆ ਕਿ ਅੰਬੇਡਕਰ ਭਵਨ ਦੇ ਟਰੱਸਟੀਆਂ ਦੀ ਮੀਟਿੰਗ ਇੱਥੇ 7 ਜੁਲਾਈ 2019 ਨੂੰ ਟਰੱਸਟ ਦੇ ਚੇਅਰਮੈਨ ਆਰ. ਸੀ. ਸੰਗਰ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿਚ ਫਾਊਂਡਰ ਟਰੱਸਟੀ ਲਾਹੌਰੀ ਰਾਮ ਬਾਲੀ ਅਤੇ ਦੂਸਰੇ ਟਰੱਸਟੀ ਡਾ. ਜੀ. ਸੀ. ਕੌਲ, ਡਾ. ਸੁਰਿੰਦਰ ਅਜਨਾਤ, ਸੋਹਨ ਲਾਲ ਡੀ. ਪੀ. ਆਈ. ਕਾਲਜਾਂ (ਸੇਵਾ ਮੁਕਤ), ਬਲਦੇਵ ਰਾਜ ਭਾਰਦਵਾਜ, ਡਾ. ਤਰਸੇਮ ਲਾਲ ਸਾਗਰ ਅਤੇ ਡਾ. ਰਾਹੁਲ ਨੇ ਭਾਗ ਲਿਆ। ਮੀਟਿੰਗ ਵਿਚ ਅੰਬੇਡਕਰ ਭਵਨ ਦੇ ਵਿਕਾਸ ਅਤੇ ਸਮਾਜ ਭਲਾਈ ਦੇ ਮੁੱਦਿਆਂ ਤੇ ਵਿਸਥਾਰ ਨਾਲ ਚਰਚਾ ਕੀਤੀ ਗਈ। ਯਾਦ ਰਹੇ ਕਿ ਇਹ ਅੰਬੇਡਕਰ ਭਵਨ ਇਕ ਉਹ ਇਤਿਹਾਸਕ ਸਥਾਨ ਹੈ, ਜਿੱਥੇ ਬਾਬਾ ਸਾਹਿਬ ਡਾ. ਅੰਬੇਡਕਰ ਨੇ 27 ਅਕਤੂਬਰ, 1951 ਨੂੰ ਆਪਣੇ ਪੰਜਾਬ ਦੌਰੇ ਸਮੇਂ ਲੱਖਾਂ ਲੋਕਾਂ ਨੂੰ ਸੰਬੋਧਿਤ ਕੀਤਾ ਸੀ। ਮੀਟਿੰਗ ਦੀ ਸਮਾਪਤੀ ਉਪਰੰਤ ਅੰਬੇਡਕਰ ਭਵਨ ਦੇ ਟਰੱਸਟੀਆਂ ਨੇ ਭਵਨ ਵਿਚ ਦਸ ਪੌਦੇ ਲਗਾਏ।

## ਵਿਪਸਾ ਵਲੋਂ ਮਰਹੂਮ ਸ੍ਰੀ ਕੁੰਦਨ ਲਾਲ ਨੂੰ ਸ਼ਰਧਾਂਜਲੀ

ਬੀਤੇ ਦਿਨੀ ਵਿਪਸਾ ਦੇ ਸੁਹਿਰਦ ਮੈਂਬਰ ਅਤੇ ਨਾਮਵਰ ਸ਼ਾਇਰ ਕਮਲ ਪਾਲ ਦੇ ਵੱਡੇ ਵੀਰ ਕੁੰਦਨ ਲਾਲ ਜੀ ਅਚਾਨਕ ਸਿਹਤ ਖਰਾਬ ਹੋਣ ਕਾਰਨ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ



ਦੀ ਬੇ ਵਕਤ ਮੌਤ ਨਾਲ ਕਮਲ ਦੇਵ ਪਾਲ ਦੇ ਸਿਰ ਤੋਂ ਵੱਡੇ ਭਰਾ ਦਾ ਬਾਪ ਜਿਹਾ ਸਾਇਆ ਉੱਠ ਗਿਆ ਹੈ ਅਤੇ ਪਰਿਵਾਰ ਤੇ ਦੁੱਖ ਦਾ ਪਹਾੜ ਟੁੱਟਾ ਹੈ। ਵਿਪਸਾ ਲਈ ਇਹ ਕਦੀ ਨਾ ਪੂਰਾ ਹੋਣ ਵਾਲਾ ਘਾਟਾ ਹੈ। ਵਿਪਸਾ ਦੇ ਸਮੂਹ ਮੈਂਬਰ ਕਮਲ ਦੇਵ ਪਾਲ ਅਤੇ ਕੁੰਦਨ ਲਾਲ ਜੀ ਦੇ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦੇ ਹੋਏ, ਇਸ ਦੁੱਖ ਦੀ ਘੜੀ ਵਿਚ ਉਨ੍ਹਾ ਦੇ ਨਾਲ ਖੜ੍ਹੇ ਹਨ। ਉਨ੍ਹਾਂ ਦਾ ਅੰਤਿਮ ਦਰਸ਼ਨ 18 ਜੁਲਾਈ 2019 ਦਿਨ ਵੀਰਵਾਰ ਸਵੇਰ 9:00-12:00 ਵਜੇ ਤੱਕ Higgins Chapel 1310 A Street Antioch 94509 ਅਤੇ ਅੰਤਿਮ ਸਸਕਾਰ ਬਾਅਦ ਦੁਪਹਿਰ 12:30 ਵਜੇ Ook View Memorial Park 2500 East 18 St Antioch CA 94509 ਵਿਖੇ ਹੋਵੇਗਾ। ਕਮਲ ਦੇਵ ਪਾਲ ਜੀ ਨਾਲ ਦੁੱਖ ਸਾਂਝਾ ਕਰਨ ਲਈ 925-698-8974 ਤੇ ਫੋਨ ਕਰ ਸਕਦੇ ਹੋ।

## 11 ਦਿਨ ਵਿਚ ਹਿਮਾ ਨੂੰ ਤੀਜਾ ਗੋਲਡ, ਲਗਾਤਾਰ ਜਿੱਤ ਵਿਜੇਂਦਰ ਦੇ ਨਾਂ

ਨਵੀਂ ਦਿੱਲੀ- ਭਾਰਤ ਦੀ ਸਟਾਰ ਐਥਲੀਟ ਹਿਮਾ ਦਾਸ ਨੇ ਕਲਾਦਨੋ ਐਥਲੈਟਿਕਸ ਮੁਕਾਬਲੇ ਵਿਚ ਔਰਤਾਂ ਦੇ 200 ਮੀਟਰ ਮੁਕਾਬਲੇ ਵਿਚ ਜਿੱਤ ਹਾਸਲ ਕੀਤੀ। ਚੈਕ ਗਣਰਾਜ ਵਿਚ ਚੱਲ ਰਹੀ ਚੈਂਪੀਅਨਸ਼ਿਪ ਵਿਚ ਹਿਮਾ ਨੇ ਸ਼ਨੀਵਾਰ ਦੇਰ ਰਾਤ 200 ਮੀਟਰ ਰੇਸ ਵਿਚ 23.43 ਸਕਿੰਟ ਦੇ ਸਮੇਂ ਵਿਚ ਗੋਲਡ ਜਿੱਤਿਆ। ਉਹਨਾਂ ਦਾ ਨਿੱਜੀ ਸਰਵਸ਼੍ਰੇਸਠ ਪ੍ਰਦਰਸ਼ਨ 23.10 ਸਕਿੰਟ ਦਾ ਹੈ। ਇਸ ਤਰ੍ਹਾਂ 11 ਦਿਨ ਦੇ ਅੰਦਰ ਇਹ ਹਿਮਾ ਦਾ ਤੀਜਾ ਅੰਤਰ ਰਾਸ਼ਟਰੀ ਗੋਲਡ ਮੈਡਲ ਹੈ।



ਹਿਮਾ ਲਗਾਤਾਰ ਦਮਦਾਰ: ਅਸਾਮ ਦੀ 19 ਸਾਲ ਦੀ ਦੌੜਾਕ ਹਿਮਾ ਨੇ ਸਾਲ ਦਾ ਪਹਿਲਾ ਮੁਕਾਬਲੇ 200 ਮੀਟਰ ਰੇਸ ਵਿਚ 2 ਜੁਲਾਈ ਨੂੰ ਪੋਜ਼ਨਾਲ ਐਥਲੈਟਿਕਸ 23.65 ਸਕਿੰਟ ਦਾ ਵਕਤ ਕੱਢ ਕੇ ਗੋਲਡ ਮੈਡਲ ਜਿੱਤਿਆ ਸੀ। ਫਿਰ ਉਹਨਾਂ ਨੇ 7 ਜੁਲਾਈ ਨੂੰ ਪੋਲੈਂਡ ਵਿਚ ਕੁੰਟੋ ਐਥਲੈਟਿਕਸ ਵਿਚ 23.97 ਸਕਿੰਟ ਵਿਚ ਦੂਜੇ ਗੋਲਡ ਤੇ ਕਬਜ਼ਾ ਕੀਤਾ ਸੀ। ਔਰਤਾਂ ਦੇ 400 ਮੀਟਰ ਮੁਕਾਬਲੇ ਵਿਚ ਵੀ. ਕੇ. ਵਿਸਮਯਾ ਨੇ 52.54 ਸਕਿੰਟ ਦੇ ਆਪਣੇ ਸਰਵਸ਼੍ਰੇਸਠ ਪ੍ਰਦਰਸ਼ਨ ਨਾਲ ਰੇਸ ਜਿੱਤ ਲਈ। ਸਰਿਤਾਬੇਨ ਗਾਇਕਵਾੜ ਨੇ 53.37 ਸਕਿੰਟ ਦੇ ਸਮੇਂ ਵਿਚ ਤੀਜਾ ਸਥਾਨ ਹਾਸਲ ਕੀਤਾ।

ਭੱਲਾ ਸੁੱਟਣ ਵਿਚ ਦਬਦਬਾ: ਪੁਰਸ਼ ਭਾਲਾ ਸੁੱਟਣ ਦੇ ਫਾਈਨਲ ਵਿਚ ਵਿਪਿਨ ਕਸਾਨਾ, ਅਭਿਸ਼ੇਕ ਸਿੰਘ ਅਤੇ ਦਵਿੰਦਰ ਸਿੰਘ ਕੰਗ ਨੇ ਲੜੀਵਾਰ 82.51 ਮੀਟਰ, 77.32 ਮੀਟਰ ਅਤੇ 76.58 ਮੀਟਰ ਦੀ ਦੂਰੀ ਨਾਲ ਤਿੰਨ ਟੌਪ ਸਥਾਨ ਹਾਸਲ ਕੀਤੇ। ਚੱਕਾ ਸੁੱਟਣ ਵਿਚ ਰਾਸ਼ਟਰੀ ਰਿਕਾਰਡਧਾਰੀ ਤੇਜਿੰਦਰ ਪਾਲ ਸਿੰਘ ਤੂਰ ਨੇ ਕਾਂਸੀ ਜਿੱਤਣ ਦੇ ਲਈ 29.36 ਮੀਟਰ ਦਾ ਥ੍ਰੋ ਸੁੱਟਿਆ। ਉਹਨਾਂ ਦਾ ਕੌਮੀ ਰਿਕਾਰਡ 20.75 ਮੀਟਰ ਹੈ।

ਉਧਰ ਕਿਰਗਿਸਤਾਨ ਦੇ ਬਿਸ਼ਕੇਕ ਵਿਚ ਅੰਤਰ ਰਾਸ਼ਟਰੀ ਯਾਦਾਸ਼ਤ ਮੁਕਾਬਲੇ ਵਿਚ ਭਾਰਤੀਆਂ ਨੇ ਛੇ ਗੋਲਡ, ਤਿੰਨ ਚਾਂਦੀ ਅਤੇ ਇਕ ਕਾਂਸੀ ਦਾ ਤਮਗਾ ਜਿੱਤਿਆ।






# ਗੁਰਦੁਆਰਾ ਖਾਰਾ ਸਾਹਿਬ (ਪਾਕਿਸਤਾਨ) 72 ਸਾਲਾਂ ਬਾਅਦ 12 ਜੁਲਾਈ 2019 ਨੂੰ ਖੋਲ੍ਹਿਆ





ਗੁਜਰਾਂਵਾਲਾ (ਪਾਕਿਸਤਾਨ)- ਪਾਕਿਸਤਾਨ ਤੋਂ ਬਾਬਰ ਜਲੰਧਰੀ ਅਨੁਸਾਰ ਨੁਸ਼ਹਿਰਾ ਵਿਰਕਾ ਜ਼ਿਲ੍ਹਾ ਗੁਜ਼ਰਾਂਵਾਲਾ (ਪਾਕਿਸਤਾਨ) ਵਿਖੇ ਛੇਵੀਂ ਪਾਤਸ਼ਾਹੀ ਨਾਲ ਸਬੰਧਤ ਗੁਰਦੁਆਰਾ ਖਾਰਾ ਸਾਹਿਬ ਜਿਸ ਨੂੰ ਸੰਨ 1947 ਤੋਂ ਬਾਅਦ ਭਾਵ 72 ਸਾਲਾਂ ਬਾਅਦ ਪਹਿਲੀ ਵਾਰ ਸਿੱਖ ਸੰਗਤ ਲਈ ਖੋਲ੍ਹੇ ਜਾਣ ਦਾ ਇਕ ਚੰਗਾ ਸੁਨੇਹਾ ਹੈ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪੰਜਾਬੀ ਸਿੱਖ ਸੰਗਤ ਦੇ ਨਾਲ ਨਾਲ ਪੰਜਾਬੀ ਲਹਿਰ ਦੀਆਂ ਭਰਪੂਰ ਕੋਸ਼ਿਸ਼ਾਂ ਸਦਕਾ ਸੰਨ 1947 ਤੋਂ ਬਾਅਦ ਸੰਗਤ ਲਈ ਗੁਰਦੁਆਰਾ ਖਾਰਾ ਸਾਹਿਬ ਦਰਸ਼ਨਾਂ ਲਈ ਖੋਲ੍ਹਿਆ ਹੈ। ਯਾਨਿ ਕਿ ਪਾਕਿਸਤਾਨ ਸਮੇਂ ਅਨੁਸਾਰ ਕੱਲ੍ਹ ਜੁਲਾਈ 12, 2019 ਨੂੰ ਠੀਕ 12 ਵਜੇ ਸੰਗਤ ਇਕੱਤਰ ਹੋਵੇਗੀ ਤੇ ਕਾਰ ਸੇਵਾ ਦਾ ਆਗਾਜ਼ ਹੋਵੇਗਾ ਅਤੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਪੜ੍ਹੇ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ

ਯਾਦ ਰੱਖਣਯੋਗ ਹੈ ਕਿ ਪਾਕਿਸਤਾਨ 'ਚ ਬਾਬਾ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਨਾਲ ਸਬੰਧਤ ਗੁਰਦੁਆਰਾ ਨਨਕਾਣਾ ਸਾਹਿਬ ਅਤੇ ਜੋਤੀ ਜੋਤ ਸਮਾਉਣ ਨਾਲ ਸਬੰਧਤ ਗੁਰਦੁਆਰਾ ਕਰਤਾਰਪੁਰ ਸਾਹਿਬ, ਚੌਥੀ ਪਾਤਸ਼ਾਹੀ ਦਾ ਜਨਮ ਸਥਾਨ ਵੀ ਪਾਕਿਸਤਾਨ 'ਚ ਹੈ। ਪੰਜਵੀਂ ਪਾਤਸ਼ਾਹੀ ਦਾ ਸ਼ਹੀਦੀ ਸਥਾਨ ਵੀ ਪਾਕਿਸਤਾਨ 'ਚ ਹੈ ਤੇ ਪੰਜਵੀਂ, ਛੇਵੀਂ ਪਾਤਸ਼ਾਹੀ ਦਾ ਜਨਮ ਸਥਾਨ ਵੀ ਨਨਕਾਣਾ ਸਾਹਿਬ ਪਾਕਿਸਤਾਨ 'ਚ ਹੀ ਹੈ।

ਗੁਰਦੁਆਰਾ ਖਾਰਾ ਸਾਹਿਬ ਮੀਰੀ ਪੀਰੀ ਦੇ ਮਾਲਕ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਪੱਤਰ ਲਿਖ ਕੇ ਕਸ਼ਮੀਰ ਤੋਂ ਬੁਲਾਇਆ ਗਿਆ ਸੀ ਕਿ ਤੁਸੀ ਮੱਤੋ ਭਾਈ ਕੀ ਜ਼ਿਲ੍ਹਾ ਗੁਜ਼ਰਾਂਵਾਲਾ 'ਚ ਆਓ, ਕਿਉਂਕਿ ਇੱਥੋਂ ਦਾ ਪਾਣੀ ਬਹੁਤ ਖਾਰਾ ਹੋ ਚੁੱਕਾ ਹੈ ਤੇ ਲੋਕ ਬਿਮਾਰੀ ਤੋਂ ਤੰਗ ਹਨ।

ਗੁਰੂ ਸਾਹਿਬ ਮੱਤੋ ਭਾਈ ਕੀ ਆਏ ਅਤੇ ਤਿੰਨ ਦਿਨ ਰੁਕੇ ਤੇ ਸੰਗਤ ਨੂੰ ਨਾਮ ਸਿਮਰਨ ਨਾਲ ਜੋੜਿਆ, ਇਸ ਕਰਕੇ ਇਸ ਜਗ੍ਹਾ ਦਾ ਨਾਂ ਗੁਰਦੁਆਰਾ ਖਾਰਾ ਸਾਹਿਬ ਰੱਖਿਆ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਤਾਰਿਕ ਵਜ਼ੀਰ ਸਾਹਿਬ ਤੋਂ ਇਲਾਵਾ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੀ ਤਾਰਾ ਸਿੰਘ ਅਤੇ ਪੰਜਾਬੀ ਸਿੱਖ ਸੰਗਤ ਦੇ ਪ੍ਰਧਾਨ ਸ਼ ਗੁਪਾਲ ਸਿੰਘ ਚਾਵਲਾ ਅਤੇ ਪੰਜਾਬੀ ਲਹਿਰ ਦੇ ਸ਼ ਭੁਪਿੰਦਰ ਸਿੰਘ ਲਵਲੀ ਅਤੇ ਬਾਬਰ ਜਲੰਧਰੀ ਜੀ।






ਕੁਝ ਸਕੂਲਾਂ ਤੋਂ ਪ੍ਰੇਰਨਾ ਲੈਂਦਿਆਂ ਸਕੂਲ ਮੁਖੀਆਂ ਅਤੇ ਅਧਿਆਪਕਾਂ ਦੇ ਉਤਸ਼ਾਹ ਸਦਕਾ ਸਿੱਖਿਆ ਵਿਭਾਗ ਨੇ ਜੁਲਾਈ ਤੋਂ 15 ਅਗਸਤ ਤੱਕ ਲਾਇਬ੍ਰੇਰੀ ਕਿਤਾਬਾਂ ਦਾ ਲੰਗਰ ਲਗਾਉਣ ਦਾ ਫੈਸਲਾ ਕੀਤਾ ਹੈ। ਤਸਵੀਰਾਂ ਵਿਚ ਬੱਚੇ ਲਾਇਬ੍ਰੇਰੀਆਂ ਤੋਂ ਕਿਤਾਬਾਂ ਲੈ ਰਹੇ ਹਨ। ਬਹੁਤ ਸਾਰੀਆਂ ਲਾਇਬ੍ਰੇਰੀਆਂ ਜਿੱਥੇ ਕਾਫੀ ਕਿਤਾਬਾਂ ਪਈਆਂ ਸਨ, ਖਾਲੀ ਕੀਤੀਆਂ ਜਾ ਰਹੀਆਂ ਹਨ। ਬਹੁਤ ਸਾਰੀਆਂ ਕਿਤਾਬਾਂ ਬੱਚਿਆਂ ਨੂੰ ਜਾਣਕਾਰੀ ਦੇਣ ਦੇ ਨਾਲ ਸਾਡੇ ਸਭਿਆਚਾਰ ਨੂੰ ਵੀ ਪ੍ਰਮੋਟ ਕਰਦੀਆਂ ਹਨ ਅਤੇ ਵਿਦਿਆਰਥੀਆਂ ਵਿਚ ਚੰਗੇ ਸੰਸਕਾਰ ਵੀ ਪੈਦਾ ਕਰਦੀਆਂ ਹਨ। ਇਸ ਕਰਕੇ ਇਹ ਲਾਇਬ੍ਰੇਰੀ ਲੰਗਰ ਬਹੁਤ ਕਾਮਯਾਬੀ ਨਾਲ ਚੱਲ ਰਿਹਾ ਹੈ। ਇਹ ਜਾਣਕਾਰੀ ਕ੍ਰਿਸ਼ਨ ਕੁਮਾਰ ਸਕੱਤਰ ਸਕੂਲ ਐਜੂਕੇਸ਼ਨ ਨੇ ਦਿੱਤੀ।

SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ

WE PROVIDE ALL TRUCKING RELATED PERMITS AND SERVICES
SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
2680 N TRACY BLVD, SUITE 4, TRACY, CA 95376

# Thinking of Buying or Selling a Home? I Can Help!




COMMERCIAL & RESIDENTIAL REAL ESTATE

# JOHN SINGH BANGA

Honest & Experienced Realtor

**916-271-5404**

banga.realtor@gmail.com

www.banga.bhhser.com

CALBRE#01397975

MLS

BERKSHIRE HATHAWAY HomeServices Elite Real Estate

**DO YOU HAVE $3,000? If yes, we can help you buy your own home today using a down-payment assistance loan program.**

ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404




Liquor Store for Sale
in Citrus Heights
Monthly Gross Sales: $40-45K
Listing Price:$139,900




5 Bedrooms, 4 Bathrooms
sq ft: 3458, Lot Size: 7623
Listing Price: $656,450
El Dorado Hills, CA




sacramentosmoke
Smoke Shop for Sale in Sacramento
Monthly Gross Sales: $50K
Listing Price: $150,00




Gas Station, Liquor Store,
Deli, & Laundromat!
In Contra Costa County, CA
Listing Price: $1,200,000




Auto Repair & Lube Shop
Lot Size: 2000, Rent is ONLY
$1500/mo.
Listing Price to $115,000
Sacramento, CA




Liquor Store for Sale in Santa Clara
Monthly Gross Sale: $90K
Listing Price: 599,000 plus Inventory




4 Bedrooms, 3 Baths
Sqft: 2631, Lot Size: 6355*
Listing Price: $490,000
Sacramento, CA




4 Bedroom, 2 Bath
Sqft: 1656, Lot Size: 7841*
Listing Price:$329,000
Sacramento, CA




Subway
for Sale in Sacramento
Listing Price: 239,900




Indian Restaurant
for Sale in Sacramento
Listing Price: 149,000




Liquor Store for Sale in Sacramento
Monthly Gross Sale: 110K
Down Payment: 400K (Seller will carry Rest)
Listing Price: 599,000 plus Inventory




Coffee Shop for Sale in Chico
Monthly Gross Sales: $25,000
Listing Price: $150,000



3 Bedroom, 2 Bathroom
Sqft: 1740*, Lot Size: 5502*
Listing Price: $397,000, Elk Grove, CA



5 Bedroom, 4 Bathroom
Sqft: 3037, Lot Size: 6827*
Listing Price: $515,000, Elk Grove, CA



8 Bedroom, 3 Bathroom
Sqft: 1978, Lot Size: 8102
Listing Price: $1,080,000, Pleasant Hill, CA




BH HS BERKSHIRE HATHAWAY HOMESERVICES

**BERKSHIRE HATHAWAY**
Home Services
Elite Real Estate

SPECIALISES IN BANK REPO
APARTMENTS, COMMERCIAL PROPERTIES, GAS STATIONS, HOTELS AND AGRICULTURAL LAND

**OFFICE: 7412 ELSIE AVE., SACRAMENTO, CA 95828**

# Punjab Governor Chaudhary Mohamad Sarwar visits the Gurdwara Darbar Sahib Kartarpur

Talking to world News Media at Narowal, Governor Punjab (Pakistan), Chaudhry Sarwar who was visiting to watch the progress relating to issuing of tourist visas to the visitors to Kartarpur Sahib in connection with the celebration of 550th birth Anniversary of Guru Nanak Dev Ji, assured that the Indian Prime Minister, Mr. Narendra Modi will also be present at the Visa issuing ceremony, but the final decision to participate in the ceremony rests with Mr. Modi. He also mentioned during the course of his conversation that after inauguration ceremony almost five to seven thousand Sikh followers will be able to visit Kartarpur Sahib every day to participate. Governor Punjab was also very pleased to announce that this project will be completed before the target date of September 30th, 2019 and the visiting devotees will be welcomed on arrival. The Honorable Governor also mentioned that an agreement has been finalized with the Government of India on this project.

The Governor also assured during his conversation with the media that the land cultivated by Guru Nanak Dev Ji at Kartarpur will be fully protected from any interference while the area of the land has also been increased from 3 Acres to 42 Acres and 408 Acres of land have also been acquired for comfortable stay of the visiting devotees.

This was a very positive and a remarkable gesture on the part of the honorable Governor in an effort to make 550th Anniversary of Guru Nanak Dev Ji who is reckoned as a symbol of international brotherhood all over the world, a successful project.

It has been my honor and privilege through my regular association with Ambedkar Times to provide some translation services from Urdu to English language, to the best of my ability.

Mr. Prem Chumber, Chief Editor "Ambedkar Times" (English) and "Desh Doaba" (Punjabi) who gave me this opportunity to translate this report from Urdu to English language, also sends his best wishes for the success of this noble cause. With best wishes for a brilliant success of this project which will be a historic achievement and a symbol of cooperation and harmonious relationship between the Governments of India and Pakistan.

**O. P. Balley (General Secretary)**
*Supreme Council Sri Guru Ravidass Sabhas, USA*
*Read more www.ambedkartimes.com*





ਤਸਵੀਰਾਂ–
ਜਰਨਲਿਸਟ ਬਾਬਰ ਜਲੰਧਰੀ
ਲਾਹੌਰ (ਪਾਕਿਸਤਾਨ)













Journalist
Babr Jalandhari

**ਕਰਤਾਰਪੁਰ ਸਾਹਿਬ ਕਾਰੀਡੋਰ ਦਾ ਕੰਮ ਤੇਜ਼ੀ ਨਾਲ ਮੁਕੰਮਲ ਹੋਣ ਜਾ ਰਿਹਾ ਹੈ। ਇਸ ਲਈ ਭਾਰਤ, ਪਾਕਿਸਤਾਨ ਸਰਕਾਰਾਂ ਅਤੇ ਸਮੁੱਚਾ ਸਿੱਖ ਜਗਤ ਵਧਾਈ ਦਾ ਪਾਤਰ ਹੈ। ਆਸ ਕਰਦੇ ਹਾਂ ਕਿ ਬਹੁਤ ਜਲਦੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਰਮ ਭੂਮੀ ਦੇ ਖੁੱਲ੍ਹੇ ਦਰਸ਼ਨ ਦੀਦਾਰੇ ਕਰਨ ਦਾ ਸਮੂਹ ਸਿੱਖ ਕੌਮ ਨੂੰ ਮਾਣ ਪ੍ਰਾਪਤ ਹੋਵੇਗਾ। ਡੌਡ ਪਰਿਵਾਰ ਵੱਲੋਂ ਲੱਖ-ਲੱਖ ਵਧਾਈ।**



ਪੰਥਕ ਜਜ਼ਬੇ ਨਾਲ ਭਰਪੂਰ ਸਿੱਖ ਪੰਥ ਦੇ ਮਹਾਨ ਸਪੂਤ
**ਮਾਸਟਰ ਗੁਰਦਿੱਤ ਸਿੰਘ ਜਲਵੇਹੜਾ**



**ਮਾਸਟਰ ਗੁਰਦਿੱਤ ਸਿੰਘ ਜਲਵੇਹੜਾ ਦਾ ਸਪੁੱਤਰ ਸ. ਅਵਤਾਰ ਸਿੰਘ ਡੌਡ ਅਤੇ ਉਹਨਾਂ ਦਾ ਪਰਿਵਾਰ**



Dedicated to Sri Guru Nanak Dev ji's 550th Parkash Purb
UNITED SPORTS CLUB CALIFORNIA, AMERICA
15TH WORLD KABADDI CUP
15 SEPTEMBER 2019, SUNDAY
(Timing 09:00am - 06pm)
(James Logan High School 1800 H Street, Union City, California 94587)
ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਜਾਣ ਵਾਲਾ
'15ਵਾਂ ਵਿਸ਼ਵ ਕਬੱਡੀ ਕੱਪ 2019' ਇਤਿਹਾਸਿਕ ਹੋਵੇਗਾ
ਇਸ ਵਿਸ਼ਵ ਕੱਪ ਵਿਚ ਡਰੱਗ ਫ੍ਰੀ ਸਰਟੀਫਿਕੇਟ ਪ੍ਰਾਪਤ ਖਿਡਾਰੀ ਹੀ ਖੇਡ ਸਕਣਗੇ
ਜ਼ੀਰਬ ਗਾਖਲ
ਰੰਗ ਕਬੱਡੀ ਦੇ
Amolak Singh Gakhal
Chief Patron, United Sports Club
Sponsor of 1st Prize
Jagjit Singh Rakkar
Ocean Transport
Kuljit Singh Nijjar
White Hawlk
Sponsor of 2nd Prize
Jugraj Singh Sahota & Narinder Singh Sahota of Sahota Family
Dedicated to Sweet Memory of Late. Kashmir Singh Sahota
Sponsor of 3rd Prize
Jaswinder Bopari, Dalbir Bopari
Malkit Bopari, Gurdev Bopari
Diamond Sponsor
Inder Dosanjh
Dosanjh Family
Auto Group Inc.
Diamond Sponsor
In the loving Memory of
Late S. Mehnga Singh Sarai
By: Sarai Family
Sponsor of U-25
1st Prize Sponsored by
TAKHAR FAMILY
in loving memory of Late. Santokh Singh Takhar Apna Punjab & Northern California Club
Late. Santokh Singh Takhar
ਮੁੱਖ ਮਹਿਮਾਨ
ਮੈਨੀ ਗਰੇਵਾਲ
OPENING
ਸੁਰਜੀਤ ਸਿੰਘ ਟੁੱਟ
ਸੇਵਾ ਸਿੰਘ ਰੰਧਾਵਾ
ਜਸਪ੍ਰੀਤ ਸਿੰਘ ਅਟਾਰਨੀ
ਰਾਜ ਸਲਵਾਨ
ਵਾਈਸ ਮੇਅਰ ਫਰੀਮਾਂਟ
ਮੇਜਰ ਸਿੰਘ ਬੈਂਸ
ਵਿਸ਼ੇਸ਼ ਮਹਿਮਾਨ
ਹੈਰੀ ਸਿੰਘ
ਬੀਬੀ ਸੁਰਜੀਤ ਕੌਰ
ਸ. ਤਰਲੋਚਨ ਸਿੰਘ
Makhan Singh Bains Chairman
Iqbal Singh Gakhal Vice Chairman
Jugraj Singh Sahota President
Palwinder Singh Gakhal Director
S. Ashok Bhaura Gen. Sec & Media Incharge
Narinder Singh Sahota Treasurer
Pinki Atwal Director
Sadhu Singh Khlaur Advisor
Balvir Singh Bhatia Director
Natha Singh Gakhal Advisor
Makhan Singh Dhaliwal
Debi Sohal Sidhwan Dona Director
Inderjit Singh Thind Director
Bakhtawar Singh Gakhal Director
Gurpreet Singh Gakhal Director
Giani Ravinder Singh Director
Baljinder Singh Gakhal Director
Gulwiner Singh Gakhal Director
Harjinder Ladhar Director
Dalwinder Padda Director
Arundeep Singh Advisor
Baljinder Singh Advisor
Kala Gakhal Director
ਗਾਖ਼ਲ ਭਰਾਵਾਂ ਵਲੋਂ ਆਪਣੇ ਪਿਤਾ ਸ੍ਰ. ਨਸੀਬ ਸਿੰਘ ਗਾਖ਼ਲ
ਦੀ ਯਾਦ ਵਿਚ ਨੇਕੀ ਸਿੱਧਵਾਂ, ਸੰਦੀਪ ਨੰਗਲ ਅੰਬੀਆਂ, ਪਾਲਾ ਜਲਾਲਪੁਰ
ਅਤੇ ਸੁਲਤਾਨ ਸ਼ਮਸ਼ਪੁਰ ਦਾ
ਗੋਲਡ ਮੈਡਲਾਂ ਨਾਲ ਸਨਮਾਨ ਕੀਤਾ ਜਾਵੇਗਾ
ਗੋਲਡ ਮੈਡਲ ਨਾਲ ਸਨਮਾਨ
ਨੇਕੀ ਸਿੱਧਵਾਂ
ਸੰਦੀਪ ਨੰਗਲ ਅੰਬੀਆਂ
ਪਾਲਾ ਜਲਾਲਪੁਰ
ਖ਼ੁਸ਼ੀ ਦੁੱਗਾਂ
ਸੁਲਤਾਨ ਸ਼ਮਸਪੁਰ
All Kabaddi Lovers are openly Invited
GUEST OF HONOR
Jagir Singh (Subzi Mandi)
Baljit Singh Sandhu
Rana Tutt
Hardumman Singh (Billa Sanghera)
Pritam Singh Grewal
Bhupinder Singh Parmar
Makhan Sandhu
Amarjit Sangha
Bhjan Singh Thiara
Kuldip S. Sahota
Pamma deol
Jaswant Singh Hothi
Mangal Singh Bhandal
Dr. Harjinder Khehra
Happy Heer
Ram Saroye
Rana Dhillon
Balwinder Walia
Dr. Baljinder Grewal
Gurdeep Singh Gakhal
Nirmal Singh Sahota
Lucky Sahota
Jaskaran Singh Dhaliwal
SP Singh
Ruby Harkhowal
Amrik Chand Lakha CPA
Santokh Singh Judge
Sarabjit Dhaliwal
Satnam Singh Bal
Sukhdev Singh Grewal
Sukhjit Singh Sandhu
Gurcharan Maan
Jaswant Singh Sarai
Media In charge World Kabaddi Cup
S. Ashok Bhaura
Phone: 510 415 3315,
Email: ashokbhaura@gmail.com
ਕੁਮੈਂਟੇਟਰ
ਆਸ਼ਾ ਸ਼ਰਮਾ, ਸ਼ਕਤੀ ਮਾਣਕ,
ਇਕਬਾਲ ਗਾਲਿਬ,
ਮੱਖਣ ਅਲੀ, ਸੁਰਜੀਤ ਕਕਰਾਲੀ
ਵਿਸ਼ਵ ਕੱਪ ਵਿਚ ਭਾਗ ਲੈਣ ਵਾਲੀਆਂ ਟੀਮਾਂ
1. Bay Are Sports Club 2. United Sports Club
3. Metro Sports Club New York 4. Canada Club
ਅੰਡਰ-25 ਟੀਮਾਂ
ਯੁਨਾਈਟਡ ਸਪੋਰਟਸ ਕਲੱਬ
ਬੇਏਰੀਆ ਸਪੋਰਟਸ ਕਲੱਬ
Spectator Have to reach at James Logan High School, International Law of Kabddi will apply. United Sports Club has reserve the right for last decisions.

# ਸੈਨ ਮਾਰਕੋ ਦਾ ਦੂਸਰਾ ਸਾਲਾਨਾ ਤੀਆਂ ਦਾ ਮੇਲਾ ਧੂੰਮ-ਧਾਮ ਨਾਲ ਮਨਾਇਆ


















# ਸੈਨ ਮਾਰਕੋ ਦਾ ਦੂਸਰਾ ਸਾਲਾਨਾ ਤੀਆਂ ਦਾ ਮੇਲਾ ਧੂੰਮ-ਧਾਮ ਨਾਲ ਮਨਾਇਆ




















**with unbearable grief we inform the sad demise of Our Respected**



Late Sh, Kundan Lal Pal

## Late Sh, Kundan Lal Pal
### June 15th 1950 - July 11th 2019

**The View**

Wednesday, July 17th Timing: 6:00 pm - 8:00pm

*Cremation*
Thursday, July 18th
Timing: 9am - 12:00 pm
Higgins Chapel - 1310 A Street
Antioch, CA 94509

*Cemetery/Dah-Sanskar*
Location: Oak View Memorial Park
*Cemetery*
2500 E 18th Street Antioch, CA 94509
Timing: 12:30 Pm - 1:00 pm

Bhog/Antim Ardas
Shri Guru Ravidas Temple, 2150 Crestview Dr, Pittsburg, CA 94585
Timing: 1:30pm - 4:30pm

Home Adress: 2520 Stanford Way
Antioch, CA 94531
Kamal Pall 925-698-8974
Vicky Pall +91-70861-43423 (India)

Harry Singh 510-309-5003
Rajvir Singh 925-960-3676
Ricky Pal 925-329-1954

ਅਦਾਰਾ 'ਦੇਸ਼ ਦੁਆਬਾ' ਵਿਛੜੀ ਰੂਹ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕਰਦਿਆਂ ਪਾਲ ਪਰਿਵਾਰ ਨਾਲ ਦਿਲੀ ਦੁੱਖ ਸਾਂਝਾ ਕਰਦਾ ਹੈ।

# 36ਵੇਂ ਸੁਰਜੀਤ ਹਾਕੀ ਟੂਰਨਾਮੈਂਟ ਦੀ ਜੇਤੂ ਟੀਮ ਨੂੰ ਗਾਖਲ ਭਰਾ ਦੇਣਗੇ ਸਾਢੇ 5 ਲੱਖ ਦਾ ਇਨਾਮ

**ਯੂਨੀਅਨ ਸਿਟੀ (ਐੱਸ.ਅਸ਼ੋਕ.ਭੌਰਾ)–** ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ 36ਵੇਂ ਇੰਡੀਅਨ ਆਇਲ ਸੁਰਜੀਤ ਹਾਕੀ ਟੂਰਨਾਮੈਂਟ ਦੀ ਜੇਤੂ ਟੀਮ ਨੂੰ ਅਮਰੀਕਾ ਦੇ ਪ੍ਰਸਿੱਧ ਕਾਰੋਬਾਰੀ ਅਤੇ ਖੇਡ ਪ੍ਰਮੋਟਰ ਗਾਖ਼ਲ ਭਰਾ ਅਮੋਲਕ ਸਿੰਘ ਗਾਖਲ, ਇਕਬਾਲ ਸਿੰਘ ਗਾਖਲ ਅਤੇ ਪਲਵਿੰਦਰ ਸਿੰਘ ਗਾਖਲ ਵਲੋਂ ਪਹਿਲਾ ਵੱਡਾ ਸਾਢੇ 5 ਲੱਖ ਰੁਪਏ ਦਾ ਇਨਾਮ ਜੇਤੂ ਟੀਮ ਨੂੰ ਦਿੱਤਾ ਜਾਵੇਗਾ। ਗਾਖਲ ਭਰਾ ਆਪਣੇ ਪਿਤਾ ਸ. ਨਸੀਬ ਸਿੰਘ ਗਾਖ਼ਲ ਦੀ ਯਾਦ 'ਚ ਇਹ ਇਨਾਮ ਦੇਣਗੇ। ਇੱਥੇ ਰਾਜਾ ਸਵੀਟਸ ਵਿਖੇ ਯੂਨਾਈਟਡ ਸਪੋਰਟਸ ਕਲੱਬ ਦੀ ਹੋਈ ਅਹਿਮ ਮੀਟਿੰਗ ਪਿੱਛੋਂ ਕਲੱਬ ਦੇ ਚੇਅਰਮੈਨ ਸ. ਮੱਖਣ ਸਿੰਘ ਬੈਂਸ ਅਤੇ ਪ੍ਰਧਾਨ ਜੁਗਰਾਜ ਸਿੰਘ ਸਹੋਤਾ ਨੇ ਇਹ ਖੁਸ਼ੀ ਮੀਡੀਆ ਨਾਲ ਸਾਂਝੀ ਕਰਦਿਆਂ ਕਿਹਾ ਕਿ ਖੇਡਾਂ ਤੇ ਸਮਾਜਿਕ ਖੇਤਰ ਵਿਚ ਨਾ ਸਿਰਫ ਕੈਲੇਫੋਰਨੀਆਂ ਸਗੋਂ ਉੱਤਰੀ ਅਮਰੀਕਾ ਅਤੇ ਆਪਣੀ ਜਨਮ ਭੋਇੰ ਤੇ ਹੋਣ ਵਾਲੇ ਹਰ ਸਰੋਕਾਰ 'ਚ ਗਾਖ਼ਲ ਭਰਾਵਾਂ ਨੇ ਮੋਹਰੀ ਹੋ ਕੇ ਭੂਮਿਕਾ ਨਿਭਾਈ ਹੈ। ਜਲੰਧਰ ਦੇ ਡਿਪਟੀ ਕਮਿਸ਼ਨਰ ਅਤੇ ਸੁਰਜੀਤ ਹਾਕੀ ਸੁਸਾਇਟੀ ਦੇ ਪ੍ਰਧਾਨ ਸ੍ਰੀ ਵਰਿੰਦਰ ਕੁਮਾਰ ਸ਼ਰਮਾ ਆਈ.ਏ.ਐੱਸ ਨੇ ਫੋਨ ਤੇ ਗੱਲਬਾਤ ਕਰਦਿਆਂ ਦੱਸਿਆ ਕਿ ਉਨ੍ਹਾਂ ਦੀ ਇਸ ਪੇਸ਼ਕਸ਼ ਨੂੰ ਗਾਖਲ ਭਰਾਵਾਂ ਨੇ ਖੁਸ਼ੀ ਨਾਲ ਸਵੀਕਾਰ ਕੀਤਾ ਤੇ ਹੋਰ ਵੀ ਹਰ ਤਰ੍ਹਾਂ ਦਾ ਉਤਸ਼ਾਹ ਦੇਣ ਦਾ ਵਾਅਦਾ ਕੀਤਾ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਗਾਖ਼ਲ ਪਰਿਵਾਰ ਨੇ ਕਬੱਡੀ ਹਾਕੀ ਤੋਂ ਸਿਵਾ ਹੋਰਨਾ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਵੀ ਹੋਰ ਅੱਗੇ ਹੋ ਕੇ ਅਹਿਮ ਅਤੇ ਸਲਾਹੁਣਯੋਗ ਭੂਮਿਕਾ ਨਿਭਾਈ ਹੈ। ਉਨ੍ਹਾਂ ਪਿਛਲੀਆਂ ਉਲੰਪਿਕ ਖੇਡਾਂ ਦੌਰਾਨ ਸ਼ੂਟਿੰਗ ਵਿਚ ਗੋਲਡ ਮੈਡਲ ਪ੍ਰਾਪਤ ਕਰਨ ਵਾਲੇ ਭਾਰਤੀ ਨਿਸ਼ਾਨੇਬਾਜ਼ ਅਭਿਨਵ ਬਿੰਦਰਾ ਨੂੰ ਵੀ ਦਸ ਲੱਖ ਰੁਪਏ ਦਾ ਇਨਾਮ ਦੇ ਕੇ ਸਨਮਾਨਿਤ ਕੀਤਾ ਸੀ। ਗਾਖਲ ਭਰਾ ਆਪਣੇ ਜੱਦੀ ਪਿੰਡ ਗਾਖਲਾਂ (ਜਲੰਧਰ) ਵਿਖੇ ਵੀ ਖੇਡ ਤੇ ਸਮਾਜਿਕ ਸਰਗਰਮੀਆਂ 'ਚ ਹਿੱਸਾ ਲੈਂਦੇ ਆ ਰਹੇ ਹਨ ਅਤੇ ਆਉਣ ਵਾਲੀ 15 ਸਤੰਬਰ ਨੂੰ ਕੈਲੇਫੋਰਨੀਆਂ ਦੀ ਧਰਤੀ ਤੇ ਹੋਣ ਵਾਲਾ ਯੂਨਾਈਟਡ ਸਪੋਰਟਸ ਕਲੱਬ ਦਾ ਹੋਣ ਵਾਲਾ 15 ਵਿਸ਼ਵ ਕਬੱਡੀ ਕੱਪ ਵੀ ਸ. ਅਮੋਲਕ ਸਿੰਘ ਗਾਖਲ ਦੀ ਸਰਪ੍ਰਸਤੀ ਹੇਠ ਹੀ ਹੋ ਰਿਹਾ ਹੈ। ਸ. ਮੱਖਣਸਿੰਘ ਬੈਂਸ ਤੇ ਜੁਗਰਾਜ ਸਿੰਘ ਸਹੋਤਾ ਨੇ ਕਿਹਾ ਕਿ ਸਾਡੇ ਸਾਰਿਆਂ ਲਈ ਅਤੇ ਪੰਜਾਬੀ ਭਾਈਚਾਰੇ ਲਈ ਅਮਰੀਕਾ 'ਚ ਮਾਣ ਵਾਲੀ ਗੱਲ ਹੈ ਕਿ ਗਾਖਲ ਭਰਾ ਬਾਬੇ ਨਾਨਕ ਦੀ ਫਿਲਾਸਫੀ ਤੇ ਨਿਮਰਤਾ ਨਾਲ ਚੱਲਣ ਵਾਲਾ ਪਰਿਵਾਰ ਹੈ ਅਤੇ ਕੋਈ ਆਸਵੰਦ ਉਨ੍ਹਾਂ ਕੋਲ ਪਹੁੰਚਦਾ ਹੈ ਤਾਂ ਉਹ ਕਦੇ ਨਿਰਾਸ਼ ਨਹੀਂ ਕਰਦੇ। ਹਾਕੀ ਨੂੰ ਹੋਰ ਅੱਗੇ ਲੈਜਾਣ ਲਈ ਉਨ੍ਹਾਂ ਦਾ ਇਹ ਉੱਦਮ ਤੇ ਯਤਨ ਸਾਰੇ ਪੱਖਾਂ ਤੋਂ ਸਲਾਹੁਣਯੋਗ ਤੇ ਪ੍ਰਸ਼ੰਸ਼ਾਯੋਗ ਹੈ।


ਸਵ. ਨਸੀਬ ਸਿੰਘ ਗਾਖਲ


ਅਮੋਲਕ ਸਿੰਘ ਗਾਖਲ


ਇਕਬਾਲ ਸਿੰਘ ਗਾਖਲ


ਪਲਵਿੰਦਰ ਸਿੰਘ ਗਾਖਲ

# 'ਮਹਿਫਲ-ਏ-ਮੰਗਲ' ਬੇਕਰਸਫੀਲਡ ਗਾਇਕ ਕਲਾਕਾਰਾਂ ਨੇ ਲਾਈਆਂ ਰੌਣਕਾਂ





**ਬੇਕਰਸ਼ਫੀਲਡ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਸਾਫ-ਸੁੱਥਰੀ ਪੰਜਾਬੀ ਗਿਏਕੀ ਅਤੇ ਗੀਤਕਾਰੀ ਨੂੰ ਪਿਆਰ ਕਰਨ ਵਾਲੇ ਸੰਗੀਤ ਪ੍ਰੇਮੀਆਂ ਨੇ ਮਹਿਫਲ ਬੇਕਰਸ਼ਫੀਲਡ ਦੇ ਸਥਾਨਿਕ ਰੈਸਟੋਰੈਟ ਤਾਜ਼ ਮਹਿਲ ਕੁਜ਼ੀਨ ਆਫ ਇੰਡੀਆ ਵਿੱਚ ਕਰਵਾਈ। ਜਿਸ ਦੌਰਾਨ ਮੰਗਲ ਹਠੂਰ ਦੀ ਸ਼ਾਇਰੋ-ਸ਼ਾਇਰੀ ਦੀ ਪੁਸਤਕ "ਪੰਜਾਬ ਦਾ ਪਾਣੀ ਰਿਲੀਜ਼ ਕੀਤੀ ਗਈ।

ਇਸ ਸਮਾਗਮ ਵਿੱਚ ਜਿਥੇ ਬਹੁਤ ਸਾਰੀਆਂ ਸਹਿਤਕ ਸ਼ਖਸੀਅਤਾਂ ਪਹੁੰਚੀਆਂ ਹੋਈਆ ਸਨ। ਉੱਥੇ ਸਥਾਨਿਕ ਗਾਇਕਾ ਵਿੱਚ ਪੰਜਾਬੀਅਤ ਦਾ ਮਾਣ ਬੱਬੂ ਗੁਰਪਾਲ ਅਤੇ ਫਰਿਜ਼ਨੋ ਤੋਂ ਪਹੁੰਚੇ ਸਟੇਜ਼ਾ ਦੀ ਸ਼ਾਨ ਗੋਗੀ ਸੰਧੂ ਨੇ ਆਪਣੀਆਂ ਕਵਿਤਾਵਾਂ ਅਤੇ ਗੀਤਾ ਨਾਲ ਖੂਬ ਰੰਗ ਬੰਨਿਆ। ਇਸ ਸਮੇਂ ਬਹੁਤ ਸਾਰੇ ਬੁਲਾਰਿਆ ਨੇ ਹਾਜ਼ਰੀ ਭਰੀ।

ਮੰਗਲ ਹਠੂਰ ਦੀ ਪੰਜਾਬ ਅਤੇ ਪੰਜਾਬੀਅਤ ਪ੍ਰਤੀ ਸੋਚ ਨੂੰ ਸਮਾਜ ਲਈ ਸੇਧ ਦੇਣ ਵਾਲੀ ਕਲਮ ਐਲਾਨਿਆ ਗਿਆ। ਉਹਨਾਂ ਕਿਹਾ ਕਿ ਅਸੀਂ ਆਸ ਕਰਦੇ ਹਾਂ ਕਿ ਇਹ ਸਾਫ਼ ਸੁਥਰੀ ਕਲਮ ਹਮੇਸ਼ਾਂ ਸਾਫ-ਸੁਥਰੀ ਗੀਤਕਾਰੀ ਨੂੰ ਲੈ ਗਾਇਕੀ ਦੇ ਸਫਰ 'ਤੇ ਨਰੰਤਰ ਚਲਦੀ ਰਹੇਗੀ। ਇਥੇ ਇਹ ਗੱਲ ਜਿਕਰਯੋਗ ਹੈ ਕਿ ਜਿਥੇ ਮੰਗਲ ਹੁਣ ਤੱਕ ਸੈਂਕੜੇ ਗੀਤ ਲਿਖ ਚੁੱਕਾ ਹੈ। ਉੱਥੇ ਉਸ ਦੀਆਂ ਤਕਰੀਬਨ ਤੇਰਾਂ ਪੁਸਤਕਾਂ ਪੰਜਾਬੀ ਮਾਂ ਬੋਲੀ ਦੇ ਵਿਹੜੇ ਦਾ ਸ਼ਿੰਗਾਰ ਬਣ ਚੁਕੀਆਂ ਹਨ। ਇਸ ਮੌਕੇ ਮੰਗਲ ਨੇ ਆਪਣੀ ਮਿਆਰੀ ਸ਼ਾਇਰੋ ਸ਼ਾਇਰੀ ਅਤੇ ਨਵੇਂ-ਨਵੇਂ ਗੀਤਾਂ ਰਾਹੀਂ ਖੂਬ ਰੰਗ ਬੰਨਿਆ।

ਇਸ ਸਮਾਗਮ ਵਿੱਚ ਬੇਕਰਸਫੀਲਡ ਦੀਆਂ ਸਿਰ ਕੱਢ ਸ਼ਖਸੀਅਤਾ ਨੇ ਸ਼ਿਰਕਤ ਕਰਕੇ ਪ੍ਰੋਗਰਾਮ ਨੂੰ ਹੋਰ ਚਾਰ ਚੰਨ ਲਾਏ। ਸਮੁੱਚੇ ਪ੍ਰੋਗਰਾਮ ਦੌਰਾਨ ਸਟੇਜ ਸੰਚਾਲਨ ਜਤਿੰਦਰ ਤੂਰ ਨੇ ਬਹੁਤ ਸ਼ਿਏਰਾਨਾ ਅੰਦਾਜ਼ ਵਿੱਚ ਬਾਖੂਬੀ ਕੀਤਾ। ਜਦ ਕਿ ਗੋਗੀ ਸੰਧੂ ਨੇ ਸ਼ਾਇਰੋ-ਸ਼ਾਇਰੀ ਕਰਦੇ ਹੋਏ ਉਨ੍ਹਾਂ ਦਾ ਸਾਥ ਬਾਖੂਬੀ ਨਿਭਾਇਆ।

ਇਹ ਪ੍ਰੋਗਰਾਮ ਨੂੰ ਕਰਵਾਉਣ ਅਤੇ ਸਫਲ ਬਣਾਉਣ ਵਿੱਚ ਤੂਰ ਭਰਾਵਾਂ ਅਤੇ ਪੰਜਾਬ ਤੋਂ ਖੋਸਾ ਕੋਟਲਾ ਦੇ ਪੇਂਡੂਆਂ ਦੇ ਸਿਰ ਜਾਂਦਾ ਹੈ। ਅਜਿਹੇ ਪ੍ਰੋਗਰਾਮ ਜਿੱਥੇ ਮੰਨੋਰੰਜਨ ਕਰਦੇ ਹਨ, ਉੱਥੇ ਸਾਫ-ਸੁੱਥਰੀ ਪਰਿਵਾਰਕ ਗਾਇਕੀ ਨੂੰ ਵੀ ਉਤਸ਼ਾਹ ਦਿੰਦੇ ਹਨ। ਅੰਤ ਆਪਣੀਆਂ ਅਮਿੱਟ ਪੈੜਾ ਛੱਡਦਾ ਹੋਇਆਂ ਇਹ ਪ੍ਰੋਗਰਾਮ ਰਾਤਰੀ ਦੇ ਖਾਣੇ ਨਾਲ ਯਾਦਗਾਰੀ ਹੋ ਨਿਬੜਿਆ।


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99


NEW & USED
TIRES
WASH, LUBE, BRAKES

Call:
650-642-0697

3525 Highway 99, West Corning, CA 96021
Across the Street from TA Truck Stop

# ਆਰ ਐੱਫ ਸੀ ਇਨ ਦਾ ਵਰਲਡ ਸੰਸਥਾ ਦਾ ਵਫ਼ਦ ਤੁਗਲਕਾਬਾਦ ਵਿਖੇ ਹੋਇਆ ਨਤਮਸਤਕ





**ਅਲਾਵਲਪੁਰ (ਮਦਨ ਬੰਗੜ)-** ਰਵਿਦਾਸੀਆਂ ਫੇਸਬੁੱਕ ਕਮਿਊਨਿਟੀ ਇਨ ਦਾ ਵਰਲਡ ਰਜਿ⁰ ਆਰ ਐੱਫ ਸੀ ਵਰਲਡ ਦੀ ਟੀਮ ਦਿੱਲੀ ਦੇ ਤੁਗਲਕਾਬਾਦ ਵਿਖੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ ਮੰਦਿਰ ਤੇ ਸਰਕਾਰਾਂ ਵੱਲੋਂ ਰੱਖੀ ਜਾ ਰਹੀ ਮਾੜੀ ਨਜ਼ਰ ਕਾਰਨ ਪਿਛਲੇ ਦਿਨੀਂ ਪੈਦਾ ਹੋਏ ਵਿਵਾਦ ਬਾਰੇ ਜਾਣਕਾਰੀ ਲੈਣ ਲਈ ਵਫਦ ਤੁਗਲਕਾਬਾਦ ਵਿਖੇ ਗਿਆ ਅਤੇ ਸਬੰਧਿਤ ਪ੍ਰਬੰਧਕ ਕਮੇਟੀ ਨੂੰ ਮਿਲ ਕੇ ਪੂਰਾ ਭਰੋਸਾ ਦਿੱਤਾ ਕਿ ਇਸ ਵਿਵਾਦ ਸਬੰਧੀ ਜੋ ਵੀ ਫੈਸਲਾ ਰਵਿਦਾਸੀਆ ਕੌਮ ਦੇ ਆਗੂ ਲੈਣਗੇ ਸਾਡੀ ਸੰਸਥਾ ਉਸ ਫੈਸਲੇ ਦਾ ਪੂਰਾ ਸਮਰਥਨ ਕਰੇਗੀ ਇਸ ਮੌਕੇ ਸੰਸਥਾ ਦੇ ਪ੍ਰਧਾਨ ਪ੍ਰੇਮ ਧਨਾਲ ,ਮੀਡੀਆ ਸਲਾਹਕਾਰ ਦਿਲਬਾਗ ਸੱਲਣ ਨੇ ਕਿਹਾ ਕੇ ਸਰਕਾਰਾਂ ਵੱਲੋਂ ਦਲਿਤ ਭਾਈਚਾਰੇ ਪ੍ਰਤੀ ਅਪਣਾਇਆ ਜਾ ਰਿਹਾ ਭੇਦਭਾਵ ਦਾ ਰਵੱਈਆ ਕਦੇ ਬਰਦਾਸ਼ਤ ਨਹੀਂ ਕਰੇਗਾ ਅਤੇ ਇਸ ਲਈ ਜੋ ਸੰਘਰਸ਼ ਦਾ ਰਾਹ ਅਪਣਾਉਣ ਦਾ ਸੁਨੇਹਾ ਭਾਈਚਾਰੇ ਵੱਲੋਂ ਦਿੱਤਾ ਜਾਵੇਗਾ ਉਸਨੂੰ ਰਮਦਾਸੀਆ ਫੇਸਬੁੱਕ ਕਮੇਟੀ ਇੰਦਾ ਵਰਲਡ ਰਜਿਸਟਰਡ ਪੂਰਾ ਕਰਨ ਲਈ ਹਮੇਸ਼ਾ ਤੱਤਪਰ ਰਹੇਗੀ ਇਸ ਮੌਕੇ ਸੰਸਥਾ ਦੇ ਸਾਰੇ ਮੈਂਬਰਾਂ ਨੇ ਸਤਿਗੁਰ ਦਾਸ ਮਹਾਰਾਜ ਦਾ ਆਸ਼ੀਰਵਾਦ ਪ੍ਰਾਪਤ ਕੀਤਾ ਇਸ ਮੌਕੇ ਸ੍ਰੀ ਇੱਕ ਸੌ ਅੱਠ ਸੰਤ ਗੁਰਦੀਪ ਗਿਰੀ ਪਠਾਨਕੋਟ ਵਾਲਿਆਂ ਨੇ ਵੀ ਉਚੇਚੇ ਤੌਰ ਤੇ ਸ਼ਾਮਿਲ ਹੋ ਕੇ ਸੰਗਤ ਨੂੰ ਪ੍ਰਵਚਨਾਂ ਨਾਲ ਨਿਹਾਲ ਕੀਤਾ ਇਸ ਮੌਕੇ ਸੰਤ ਸਤਵਿੰਦਰ ਹੀਰਾ ਜੀ ਨੇ ਸੰਤ ਮਹਾਂ ਪੁਰਸ਼ਾਂ ਅਤੇ ਆਈਆਂ ਸੰਗਤਾਂ ਨੂੰ ਜੀ ਆਇਆਂ ਕਿਹਾ ਇਸ ਮੌਕੇ ਕਮਲਜੀਤ ਬਾਦਸ਼ਾਹਪੁਰ ਬਲਾਕ ਸੰਮਤੀ ਮੈਂਬਰ ਸੁਰਜੀਤ ਜੀਤਾ ਸੁਰਜੀਤ ਜੱਸਲ ਗੁਰਪ੍ਰੀਤ ਜੱਸੀ ਸੱਲਣ ਰਾਕੇਸ਼ ਸੱਲਣ ਰਮਨ ਸੱਲਣ ਕਮਲ ਰਾਜਾ ਬਿਕਰਮ ਕੁਮਾਰ ਰਮੇਸ਼ ਚੁੰਬਰ ਵਿਜੇਪਾਲ ਕੁੱਕੜ ਪਿੰਡ ਨਰਿੰਦਰ ਹੀਰ ਜਸਵਿੰਦਰ ਮਹੇ ਮਿੰਟੂ ਬਾਦਸ਼ਾਹਪੁਰ ਖੁਸ਼ਵੰਤ ਰਾਏ ਅਸ਼ੋਕ ਕੁਮਾਰ ਭਗਵਾਨਪੁਰ ਸੋਖੀ ਚੋਪੜਾ ਸੰਜੀਵ ਪਾਲ ਅਮਰ ਮਹੇ ਆਦਿ ਹਾਜ਼ਰ ਸਨ

# ਮੁੱਖ ਮੰਤਰੀ ਪੰਜਾਬ ਉਸਮਾਨ ਬੁਜ਼ਦਾਰ ਸ੍ਰੀ ਨਨਕਾਣਾ ਸਾਹਿਬ ਪਹੁੰਚੇ



**ਨਨਕਾਣਾ ਸਾਹਿਬ-** ਪਾਕਿਸਤਾਨੀ ਪੰਜਾਬ ਦੇ ਮੁੱਖ ਮੰਤਰੀ ਉਸਮਾਨ ਬੁਜ਼ਦਾਰ 12 ਜੁਲਾਈ ਨੂੰ ਸ੍ਰੀ ਨਨਕਾਣਾ ਸਾਹਿਬ ਵਿਖੇ ਗੁਰੂ ਨਾਨਕ ਸਾਹਿਬ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਸਬੰਧੀ ਚੱਲ ਰਹੇ ਕਾਰਜਾਂ ਦਾ ਜਾਇਜਾਂ ਲੈਣ ਲਈ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਸੜਕਾਂ, ਵਾਟਰ ਸਪਲਾਈ ਪਲਾਂਟ, ਦੇਸ਼ ਵਿਦੇਸ਼ ਤੋਂ ਆਉਣ ਵਾਲੇ ਯਾਤਰੀਆਂ ਲਈ ਰਿਹਾਇਸ਼ ਆਦਿ ਦੇ ਕਾਰਜਾਂ ਨੂੰ ਮਿੱਥੇ ਸਮੇਂ ਅਨੁਸਾਰ ਮੁਕੰਮਲ ਕਰਨ ਦੀਆਂ ਕੀਤੀਆਂ ਖਾਸ ਹਦਾਇਤਾਂ ਜਾਰੀ ਕੀਤੀਆਂ ਤੇ ਨਨਕਾਣਾ ਸਾਹਿਬ ਵਿਖੇ 3 ਅਰਬ ਦੀ ਲਾਗਤ ਨਾਲ 70 ਏਕੜ ਵਿਚ ਬਣ ਰਹੀ ਗੁਰੂ ਨਾਨਕ ਸਾਹਿਬ ਜੀ ਯੂਨੀਵਰਸਿਟੀ ਦਾ ਨੀਂਹ ਪੱਥਰ ਰੱਖਿਆ।

ਮੁੱਖ ਮੰਤਰੀ ਉਸਮਾਨ ਬੁਜ਼ਦਾਰ ਵੱਲੋਂ ਨਨਕਾਣਾ ਸਾਹਿਬ ਵਿਖੇ ਹੀ 13 ਕਰੋੜ ਦੀ ਲਾਗਤ ਨਾਲ ਟੂਰਿਜ਼ਮ ਵਿਭਾਗ ਦੇ ਬਣ ਚੁੱਕੇ ਹੋਟਲ ਦਾ ਉਦਘਾਟਨ ਵੀ ਕੀਤਾ ਗਿਆ। ਇਸ ਮੌਕੇ ਬ੍ਰਿਗੇਡੀਅਰ ਇਜਾਜ਼ ਸ਼ਾਹ ਮੈਂਬਰ ਪਾਰਲੀਮੈਂਟ, ਮਹਿੰਦਰਪਾਲ ਸਿੰਘ ਕੈਬਨਿਟ ਸਕੱਤਰ, ਗ੍ਰੰਥੀ ਰਵੇਲ ਸਿੰਘ, ਦਿਯਾ ਸਿੰਘ ਅਤੇ ਨਨਕਾਣਾ ਸਾਹਿਬ ਦੀਆਂ ਸਿੱਖ-ਮੁਸਲਿਮ ਸੰਗਤਾਂ ਵੀ ਮੌਜੂਦ ਸਨ।

-----

# ਸ਼ੋਕ ਸਮਾਚਾਰ



ਬਹੁਤ ਹੀ ਦੁਖੀ ਹਿਰਦੇ ਨਾਲ ਸੂਚਿਤ ਕਰ ਰਹੇ ਹਾਂ ਕਿ ਸਾਡੇ ਸਤਿਕਾਰਯੋਗ ਪਿਤਾ ਸਿਰੀ ਕੁੰਦਨ ਲਾਲ ਪਾਲ ਜੀ ਆਪਣੀ ਜੀਵਨ ਯਾਤਰਾ ਪੂਰੀ ਕਰ ਕੇ ਇਸ ਦੁਨੀਆ ਨੂੰ ਅਲਵਿਦਾ ਆਖ ਗਏ ਹਨ । ਆਪ ਜੀ ਜਨਮ 15 ਜੂਨ 1950 ਨੂੰ ਮਾਤਾ ਉਤਮੀ ਦੇਵੀ ਦੀ ਕੁੱਖੋਂ ਸਿਰੀ ਵਤਨ ਚੰਦ ਪਾਲ ਜੀ ਦੇ ਘਰ ਜਿਲਾ ਹੁਸ਼ਿਆਰ ਦੇ ਪਿੰਡ ਰਹੀਮ ਪੁਰ ਵਿਖੇ ਹੋਇਆ । ਆਪ ਜੀ ਨੇ ਦਸਵੀਂ ਤੱਕ ਸਿੱਖਿਆ ਸਰਕਾਰੀ ਸਕੂਲ ਪੁਰ ਹੀਰਾਂ ਤੋਂ ਪ੍ਰਾਪਤ ਕੀਤੀ । ਉਸ ਤੋਂ ਬਾਅਦ ਬਿਜਲੀ ਬੋਰਡ ਵਿੱਚ ਨੋਕਰੀ ਸ਼ੂਰੁ ਕਰ ਲਈ । ਦੋ ਕੁ ਸਾਲ ਪਿੱਛੋਂ ਆਪ ਨੇ ਨੋਕਰੀ ਛੱਡ ਦਿੱਤੀ ਅਤੇ ਜੇ ਬੀ ਟੀ ਦੀ ਸਿੱਖਿਆ ਪ੍ਰਾਪਤ ਕਰ ਕੇ ਪ੍ਰਾਇਮਰੀ ਸਕੂਲ ਵਿੱਚ ਵਤੌਰ ਅਧਿਆਪਕ ਸਰਵਿਸ ਸ਼ੂਰੁ ਕੀਤੀ ਅਤੇ ਸੇਵਾ ਮੁਕਤ ਹੋਏ । ਉਸ ਤੋਂ ਬਾਅਦ ਆਪ ਜੀ 2004 ਵਿੱਚ ਅਮਰੀਕਾ ਆ ਕੇ ਵੱਸ ਗਏ ਅਤੇ ਇਸ ਦੌਰਾਨ ਧਾਰਮਿਕ, ਸਮਾਜਿਕ, ਸਾਹਿਤਕ ਗਤੀਵਿਧੀਆਂ ਜਾਰੀ ਰੱਖੀਆਂ। ਉਹ 11 ਜੁਲਾਈ 2019 ਨੂੰ ਆਪਣੀ ਜੀਵਨ ਯਾਤਰਾ ਪੂਰੀ ਕਰਕੇ ਇਸ ਸੰਸਾਰ ਨੂੰ ਛੱਡ ਗਏ ਹਨ ।

ਉਨ੍ਹਾਂ ਦੇ ਅੰਤਿਮ ਦਰਸ਼ਨ 18 ਜੁਲਾਈ 2019 ਦਿਨ ਵੀਰਵਾਰ ਨੂੰ 9:00 ਵਜੇ ਤੋਂ 12:00 ਵਜੇ ਤੱਕ Higgins Chapel 1310 A Street Antioch CA. 94509 ਅਤੇ ਅੰਤਿਮ ਸਸਕਾਰ Ook View Memorial Park 2500 East 18 St Antioch CA 94509 ਵਿਖੇ 12:30 ਵਜੇ ਹੋਵੇਗਾ।ਅੰਤਿਮ ਅਰਦਾਸ ਸਿਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ 1:30 ਵਜੇ ਹੋਵੇਗੀ। ਰਿੱਕੀ ਪਾਲ ਜੀ ਨਾਲ ਦੁੱਖ ਸਾਂਝਾ ਕਰਨ ਲਈ 925-329-1954 ਫੋਨ ਉੱਤੇ ਗੱਲ ਕਰ ਸਕਦੇ ਹੋ।



BERKSHIRE HATHAWAY
Home Services
ELITE REAL ESTATE
BHHS BERKSHIRE HATHAWAY HOMESERVICES
Shangara Ram
Realtor CalBRE# 01969522
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Cell: 916-479-5587, Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828



A & S
Auto Repair & Services
ਕਿਰਨਦੀਪ ਕੌਰ ਸਪੁੱਤਰੀ ਸ: ਗੁਰਪ੍ਰੀਤ ਸਿੰਘ
ਮਹਿਦੂਦਾਂ, ਗੁਰਿੰਦਰ ਕੌਰ ਮਹਿਦੂਦਾਂ
ਲੁਧਿਆਣਾ ਪੰਜਾਬ
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics

9:00 AM to 6:00 PM Mon-Sat
Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

# ਅਸਾਮ ਵਿੱਚ 10 ਕਵੀਆਂ ਖ਼ਿਲਾਫ਼ ਕੇਸ

'ਮੈਂ ਹੂੰ ਮੀਆਂ' ਕਵਿਤਾ ਲਿਖਣ ਵਾਲੇ ਸ਼ਾਇਰ ਹਾਫ਼ਿਜ਼ ਅਹਿਮਦ ਨੇ ਕਿਹਾ ਹੈ ਕਿ ਜੇਕਰ ਉਸ ਦੀ ਕਵਿਤਾ ਨਾਲ ਅਸਾਮ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ ਤਾਂ ਉਹ ਉਨ੍ਹਾਂ ਤੋਂ ਮੁਆਫ਼ੀ ਮੰਗਦੇ ਹਨ। ਅਸਾਮ 'ਚ ਬੰਗਾਲੀ ਬੋਲਣ ਵਾਲੇ ਮੁਸਲਮਾਨਾਂ ਨਾਲ ਹੋ ਰਹੇ ਵਿਤਕਰੇ ਨਾਲ ਸਬੰਧਤ ਕਵਿਤਾ ਦਾ ਵੀਡੀਓ ਵਾਇਰਲ ਹੋਣ ਮਗਰੋਂ ਅਹਿਮਦ ਸਮੇਤ 10 ਹੋਰ ਕਵੀਆਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ।

ਹਾਫ਼ਿਜ਼ ਅਹਿਮਦ ਨੇ ਕਿਹਾ ਕਿ ਇਹ ਕਵਿਤਾ 2016 'ਚ ਲਿਖੀ ਗਈ ਸੀ ਅਤੇ ਇਹ ਨਾਗਰਿਕਤਾ ਵਾਲੇ ਵਿਵਾਦ ਨਾਲ ਸਬੰਧਤ ਨਹੀਂ ਹੈ ਜਿਸ ਦੀ ਅੰਤਿਮ ਸੂਚੀ 31 ਜੁਲਾਈ ਨੂੰ ਜਾਰੀ ਹੋਣੀ ਹੈ। ਉਨ੍ਹਾਂ ਕਿਹਾ ਕਿ ਅਸਾਮੀ ਬੋਲੀ ਦੀ ਹਮਾਇਤ 'ਚ ਖੜ੍ਹੇ ਹੋਣ ਲਈ ਉਨ੍ਹਾਂ ਕੁੱਟ ਵੀ ਖਾਧੀ ਹੈ। ਇਹ ਵਿਵਾਦ ਉਦੋਂ ਪੈਦਾ ਹੋਇਆ ਜਦੋਂ ਕੁਝ ਸ਼ਾਇਰਾਂ ਨੇ 'ਮੈਂ ਹੂੰ ਮੀਆਂ' ਕਵਿਤਾ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਅਪਲੋਡ ਕਰ ਦਿੱਤਾ ਸੀ ਅਤੇ ਇਸ ਦੀ ਸ਼ਿਕਾਇਤ ਪੁਲੀਸ ਕੋਲ ਕੀਤੀ ਗਈ। ਜਿਨ੍ਹਾਂ ਸ਼ਾਇਰਾਂ ਖ਼ਿਲਾਫ਼ ਪੁਲੀਸ ਵੱਲੋਂ ਐਫਆਈਆਰ ਦਰਜ ਕੀਤੀ ਗਈ ਹੈ, ਉਨ੍ਹਾਂ 'ਚ ਰੇਹਾਨਾ ਸੁਲਤਾਨਾ, ਅਬਦੁਰ ਰਹੀਮ, ਅਸ਼ਰਫ਼ੁਲ ਹੁਸੈਨ, ਅਬਦੁਲ ਕਲਾਮ ਆਜ਼ਾਦ, ਕਾਜ਼ੀ ਸਰਵਰ ਹੁਸੈਨ ਉਰਫ਼ ਕਾਜ਼ੀ ਨੀਲ, ਸਲੀਮ ਐੱਮ ਹੁਸੈਨ, ਕਰਿਸ਼ਮਾ ਹਜ਼ਾਰਿਕਾ, ਬਣਮਲਿਕਾ ਚੌਧਰੀ ਅਤੇ ਫਰਹਾਦ ਭੂਯਾਨ ਸ਼ਾਮਲ ਹਨ। ਇਹ ਕੇਸ ਜਿਨ੍ਹਾਂ ਦਸ ਕਵੀਆਂ ਅਤੇ ਸਮਾਜਿਕ ਕਾਰਕੁਨਾਂ 'ਤੇ ਦਰਜ ਕੀਤੇ ਗਏ ਹਨ। ਉਹ ਐਨਆਰਸੀ ਮੁੱਦੇ 'ਤੇ ਕਾਫੀ ਸਰਗਰਮ ਹਨ। ਕਵਿਤਾ ਦੇ ਬਹਾਨੇ (ਜਿਸ ਵਿੱਚ ਕਵਿਤਾ ਦੀ ਰਚਨਾ ਤੋਂ ਲੈ ਕੇ ਉਸ ਦੇ ਸੋਸ਼ਲ ਮੀਡੀਆ 'ਤੇ ਸਾਂਝਾ ਕਰਨਾ ਵੀ ਸ਼ਾਮਲ ਹੈ) ਉਨ੍ਹਾਂ ਨੂੰ ਉਨ੍ਹਾਂ ਦੀ ਸਰਗਰਮੀ ਦੀ ਸਜ਼ਾ ਦਿੱਤੇ ਜਾਣ ਦੀ ਤਿਆਰੀ ਹੈ।

### ਛੇ ਮਹੀਨੇ ਵਿਚ 24 ਹਜ਼ਾਰ ਬੱਚਿਆਂ ਨਾਲ ਰੇਪ

# ਹੈਰਾਨ ਚੀਫ ਜਸਟਿਸ ਆਫ ਇੰਡੀਆ ਨੇ ਖੁਦ ਦਾਖਲ ਕੀਤੀ ਰਿੱਟ

ਨਵੀਂ ਦਿੱਲੀ- ਭਾਰਤ ਵਿਚ 2019 ਦੇ ਸ਼ੁਰੂਆਤੀ ਛੇ ਮਹੀਨਿਆਂ ਵਿਚ ਹੀ ਬੱਚਿਆਂ ਨਾਲ ਬਲਾਤਕਾਰ ਦੇ 24 ਹਜ਼ਾਰ ਮਾਮਲੇ ਸਾਹਮਣੇ ਆਉਣ ਤੋਂ ਹੈਰਾਨ ਸੁਪਰੀਮ ਕੋਰਟ ਦੇ ਚੀਫ ਜਸਟਿਸ ਸ੍ਰੀ ਰੰਜਨ ਗੋਗੋਈ ਨੇ ਖੁਦ ਐਕਸ਼ਨ ਲੈਂਦਿਆਂ ਸੁਪਰੀਮ ਕੋਰਟ ਵਿਚ ਇਕ ਜਨਹਿਤ ਰਿੱਟ ਦਾਖਲ ਕੀਤੀ ਹੈ। ਮਾਮਲੇ ਵਿਚ ਸ਼ੁੱਕਰਵਾਰ ਨੂੰ ਸੁਪਰੀਮ ਕੋਰਟ ਨੇ ਪ੍ਰਮੁੱਖ ਵਕੀਲ ਵੀ ਗਿਰੀ ਨੂੰ ਇਸ ਰਿੱਟ ਵਿਚ ਵਕੀਲ ਨਿਯੁਕਤ ਕੀਤਾ। ਉਥੇ ਹੀ ਸੋਲਿਸਟਰ ਜਨਰਲ ਤੁਸ਼ਾਰ ਮਹਿਤਾ ਨੂੰ ਵੀ ਸੁਣਵਾਈ ਵਿਚ ਮਦਦ ਕਰਨ ਦਾ ਨਿਰਦੇਸ਼ ਦਿੱਤਾ। ਰਿੱਟ ਦੀ ਸੁਣਵਾਈ ਸੀ. ਜੇ. ਆਈ. ਰੰਜਨ ਗੋਗੋਈ, ਜਸਟਿਸ ਦੀਪਕ ਗੁਪਤਾ ਅਤੇ ਜਸਟਿਸ ਅਨਿਰੁੱਧ ਬੋਸ ਦਾ ਬੈਂਚ ਕਰੇਗਾ। ਅਦਾਲਤ ਨੇ ਰਜਿਸਟਰੀ ਨੂੰ ਮਾਮਲੇ ਦੀ ਰਿਪੋਰਟ ਕਰਕੇ ਕੀਤੇ ਗਏ ਬਾਲ ਬਲਾਤਕਾਰਾਂ ਦੀਆਂ ਘਟਨਾਵਾਂ ਵਿਚ ਫਿਰ ਤੋਂ ਖਤਰਨਾਕ ਵਾਧੇ ਟਾਈਟਲ ਨਾਲ ਦਰਜ ਕਰਨ ਦਾ ਆਦੇਸ਼ ਦਿੱਤਾ। ਬੈਂਚ ਨੇ ਕਿਹਾ ਕਿ ਮਾਮਲੇ ਵਿਚ ਕਿਸੇ



ਕਿਸਮ ਦਾ ਦਖਲ ਮਨਜ਼ੂਰ ਨਹੀਂ ਹੋਵੇਗਾ। ਸੁਪਰੀਮ ਕੋਰਟ ਨੇ ਵਕੀਲ ਗਿਰੀ ਨੂੰ ਬਾਲ ਬਲਾਤਕਾਰ ਦੇ ਅੰਕੜੇ ਦੇ ਕੇ ਕਿਹਾ ਹੈ ਕਿ ਉਹ ਇਹਨਾਂ ਦਾ ਅਧਿਐਨ ਕਰਕੇ ਸੋਮਵਾਰ ਨੂੰ ਇਸ ਬਾਰੇ ਸੁਝਾਅ ਦੇਣ ਕਿ ਕੋਰਟ ਕੀ ਨਿਰਦੇਸ਼ ਜਾਰੀ ਕਰ ਸਕਦਾ ਹੈ।

ਸੁਪਰੀਮ ਕੋਰਟ ਨੇ ਕਿਹਾ ਕਿ ਇਸ ਸਾਲ ਦੇ ਸ਼ੁਰੂਆਤੀ 6 ਮਹੀਨਿਆਂ ਵਿਚ ਬੱਚਿਆਂ ਨਾਲ ਬਦਫੈਲੀ ਦੇ 24,212 ਮਾਮਲੇ ਸਾਹਮਣੇ ਆਏ, ਇਹਨਾਂ ਵਿਚੋਂ 11,981 ਦੀ ਹਾਲੇ ਜਾਂਚ ਚੱਲ ਰਹੀ ਹੈ। 12231 ਮਾਮਲਿਆਂ ਵਿਚ ਚਾਰਜਸ਼ੀਟ ਦਾਖਲ ਕੀਤੀ ਹੈ ਪਰ ਸਿਰਫ 6449 ਮਾਮਲਿਆਂ ਵਿਚ ਹੀ ਸੁਣਵਾਈ ਆਰੰਭ ਹੋ ਸਕੀ ਹੈ। ਜਦਕਿ 4871 ਮਾਮਲਿਆਂ ਵਿਚ ਹਾਲੇ ਸੁਣਵਾਈ ਹੋਣੀ ਹੈ। ਹੇਠਲੀਆਂ ਅਦਾਲਤਾਂ ਵਿਚ ਸਿਰਫ 811 ਮਾਮਲਿਆਂ ਵਿਚ ਹੀ ਫੈਸਲਾ ਹੋਇਆ ਜੋ ਸਿਰਫ 4 ਫੀਸਦੀ ਹੈ।

ਇੱਧਰ ਕੇਂਦਰੀ ਮਹਿਲਾ ਅਤੇ ਬਾਲ ਵਿਕਾਸ ਮੰਤਰਾਲੇ ਨੇ 18 ਰਾਜਾਂ ਵਿਚ 3043 ਫਾਸਟ ਟਰੈਕ ਅਦਾਲਤਾਂ ਖੋਲ੍ਹਣ ਦੇ ਪ੍ਰਸਤਾਵ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਹਨਾਂ ਨੂੰ ਸਥਾਪਤ ਕਰਨ ਦੀ ਜ਼ਿੰਮੇਵਾਰੀ ਗ੍ਰਹਿ ਮੰਤਰਾਲੇ ਦੇ ਕੋਲ ਹੋਵੇਗੀ, ਇਹ ਅਦਾਲਤਾਂ ਅਗਲੇ ਸਾਲ ਤੱਕ ਕੰਮ ਕਰਨਾ ਆਰੰਭ ਕਰ ਦੇਣਗੀਆਂ। ਇਹਨਾਂ ਵਿਚ ਔਰਤਾਂ ਦੇ ਯੌਨ ਸ਼ੋਸ਼ਣ ਅਤੇ ਬਾਲ ਅਪਰਾਧਾਂ ਨਾਲ ਜੁੜੇ ਕੇਸਾਂ ਦਾ ਨਿਪਟਾਰਾ ਹੋਵੇਗਾ। ਫਿਲਹਾਲ ਮੁਲਕ ਵਿਚ 664 ਫਾਸਟ ਟ੍ਰੈਕ ਕੋਰਟ ਕੰਮ ਕਰ ਰਹੇ ਹਨ।

ਰਿਪੋਰਟ ਮੁਤਾਬਕ ਬਾਲ ਸ਼ੋਸ਼ਣ ਦੇ ਮਾਮਲੇ ਵਿਚ ਉਤਰ ਪ੍ਰਦੇਸ਼ ਪਹਿਲੇ ਨੰਬਰ 'ਤੇ, ਮਹਾਰਾਸ਼ਟਰ ਦੂਜੇ, ਮੱਧ ਪ੍ਰਦੇਸ਼ ਤੀਜੇ, ਰਾਜਸਥਾਨ ਚੌਥੇ ਨੰਬਰ ਤੇ ਹੈ, ਜਦਕਿ ਪੰਜਾਬ ਅਤੇ ਪੂਰਬੀ ਰਾਜਾਂ ਵਿਚ ਇਹ ਸਮੱਸਿਆ ਨਹੀਂ ਹੈ।

## ਸ਼ੋਕ ਸਮਾਚਾਰ



ਸਰਦਾਰ ਟਹਿਲ ਸਿੰਘ ਜਰਖੜ ਹੋਰਾ ਦੀ ਬੇਵਕਤੀ ਮੌਤ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੇ ਹਾਂ ਸਰਦਾਰ ਟਹਿਲ ਸਿੰਘ ਜਰਖੜ ਹੋਰਾਂ ਨੇ ਜਰਖੜ ਖੇਡਾਂ ਦੀ ਕਾਮਯਾਬੀ ਵਿੱਚ ਬਹੁਤ ਵੱਡਾ ਰੋਲ ਨਿਭਾਇਆ ਹੈ। ਉਹ ਲੰਬਾ ਸਮਾਂ ਜਰਖੜ੍ ਖੇਡਾਂ ਨਾਲ ਜੁੜੇ ਰਹੇ ਅਤੇ ਤਨ ਮਨ ਧਨ ਨਾਲ ਮਦਦ ਕਰਦੇ ਰਹੇ ਉਨ੍ਹਾਂ ਦੀਆਂ ਦਿੱਤੀਆਂ ਸੇਵਾਵਾਂ ਨੂੰ ਯਾਦ ਰੱਖਿਆ ਜਾਵੇਗਾ ਇਸ ਦੁੱਖ ਦੀ ਘੜੀ ਅਸੀਂ ਪਰਿਵਾਰ ਦੇ ਨਾਲ ਹਮਦਰਦੀ ਦਾ ਇਜ਼ਹਾਰ ਕਰਦੇ ਹਾਂ। ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਜਰਖੜ ਦੇ ਸਮੂਹ ਮੈਂਬਰਾਂ ਵੱਲੋਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ।

**– ਜਗਰੂਪ ਸਿੰਘ ਜਰਖੜ +61-476013432**

# ਪੋਸਟ ਮੈਟ੍ਰਿਕ ਸਕਾਲਰਸ਼ਿਪ: ਵਿਦਿਆਰਥੀਆਂ ਲਈ ਬਸਪਾ ਨੇ ਜਾਰੀ ਕੀਤੇ ਹੈਲਪਲਾਈਨ ਨੰਬਰ

ਜਲੰਧਰ- ਬਹੁਜਨ ਸਮਾਜ ਪਾਰਟੀ (ਬਸਪਾ) ਦੀ ਸੂਬਾ ਪੱਧਰੀ ਮੀਟਿੰਗ ਪੰਜਾਬ ਇੰਚਾਰਜ ਰਣਧੀਰ ਸਿੰਘ ਬੈਨੀਵਾਲ ਦੀ ਅਗਵਾਈ ਵਿਚ ਪਾਰਟੀ ਦੇ ਸੂਬਾ ਦਫਤਰ ਵਿਚ ਹੋਈ। ਇਸ ਮੀਟਿੰਗ ਦੀ ਪ੍ਰਧਾਨਗੀ ਬਸਪਾ ਦੇ ਸੂਬਾ ਪ੍ਰਧਾਨ ਸ. ਜਸਵੀਰ ਸਿੰਘ ਗੜ੍ਹੀ ਕਾਨੂੰਗੋ ਨੇ ਕੀਤੀ। ਮੀਟਿੰਗ ਵਿਚ ਸਰਬ ਸੰਮਤੀ ਨਾਲ ਪੰਜਾਬ ਵਿਚ ਪੋਸਟ ਮੈਟ੍ਰਿਕ ਸਕਾਲਰਸ਼ਿਪ ਨੂੰ ਲੈ ਕੇ ਵਿਦਿਆਰਥੀਆਂ ਨੂੰ ਹੋਣ ਵਾਲੀਆਂ ਮੁਸ਼ਕਿਲਾਂ ਬਾਰੇ ਵਿਚਾਰਿਆ ਗਿਆ। ਇਸ ਮੌਕੇ ਰਣਧੀਰ ਸਿੰਘ ਬੈਨਵਾਲ ਤੇ ਸ. ਜਸਵੀਰ ਸਿੰਘ ਗੜ੍ਹੀ ਕਾਨੂੰਗੋ ਨੇ ਕਿਹਾ ਕਿ ਸੂਬੇ ਦੀ ਕਾਂਗਰਸ ਸਰਕਾਰ ਪੋਸਟ ਮੈਟ੍ਰਿਕ ਸਕਾਲਰਸ਼ਿਪ ਦੇ ਮੁੱਦੇ 'ਤੇ ਸੁੱਤੀ ਪਈ ਹੈ। ਦੂਜੇ ਪਾਸੇ ਕੇਂਦਰ ਦੀ ਅਕਾਲੀ-ਭਾਜਪਾ ਸਰਕਾਰ ਵਿਦਿਆਰਥੀਆਂ ਦੀ ਸਕਾਲਰਸ਼ਿਪ ਦਾ ਕਰੋੜਾਂ ਰੁਪਏ ਦਾ ਫੰਡ ਦੱਬੀ ਬੈਠੀ ਹੈ। ਪੋਸਟ ਮੈਟ੍ਰਿਕ ਸਕਾਲਰਸ਼ਿਪ ਦਾ ਲਾਭ ਨਾ ਮਿਲਣ ਕਾਰਨ ਵਿਦਿਆਰਥੀਆਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਮਾਮਲੇ ਨੂੰ ਗੰਭੀਰਤਾ ਨਾਂਲ ਲੈਂਦੇ ਹੋਏ ਬਹੁਜਨ ਸਮਾਜ ਪਾਰਟੀ ਨੇ ਸਮੁੱਚੇ ਪੰਜਾਬ ਦੇ ਵਿਦਿਆਰਥੀਆਂ ਦੀ ਸਹਾਇਤਾ ਲਈ ਹੈਲਪਲਾਈਨ ਜਾਰੀ ਕੀਤੀ ਹੈ, ਤਾਂ ਕਿ ਹਰੇਕ ਜਾਤੀ-ਧਰਮ ਦੇ ਵਿਦਿਆਰਥੀਆਂ ਦੀ ਮਦਦ ਕੀਤੀ ਜਾ ਸਕੇ। ਬਸਪਾ ਵੱਲੋਂ ਜ਼ਿਲ੍ਹੇ ਮੁਤਾਬਕ ਜਾਰੀ ਕੀਤੇ ਗਏ ਹੈਲਪਲਾਈਨ ਨੰਬਰ ਹੇਠ ਲਿਖੇ ਅਨੁਸਾਰ ਹਨ। ਜਲੰਧਰ-ਕਪੂ+ਥਲਾ 94637-21701, 78375-61938, ਨਵਾਂ ਸ਼ਹਿਰ 94631-89300, ਹੁਸ਼ਿਆਰਪੁਰ 99157-20572, 94643-86843, ਬਰਨਾਲਾ- ਸੰਗਰੂਰ 94171-94899, 81463-36127, ਅੰਮ੍ਰਿਤਸਰ- ਤਰਨਤਾਰਨ: 98767-80809, 06460-29594, ਬਠਿੰਡਾ-ਮਾਨਸਾ 98155-85241, 89680-56200, ਫਿਰੋਜ਼ਪੁਰ, ਫਰੀਦਕੋਟ, ਮੋਗਾ 98721-55120, ਰੂਪਨਗਰ, ਮੋਹਾਲੀ, ਫਤਿਹਗੜ੍ਹ ਸਾਹਿਬ 98159-65339, ਪਟਿਆਲਾ 98557-22395, 96637-43216, ਲੁਧਿਆਣਾ 98556-10071, ਮੁਕਤਸਰ, ਫਾਜ਼ਿਲਕਾ 94173-58024 ਬਸਪਾ ਆਗੂਆਂ ਨੇ ਭਰੋਸਾ ਦਿੱਤਾ ਕਿ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਹਰੇਕ ਵਿਦਿਆਰਥੀ ਨਾਲ ਡਟ ਕੇ ਖੜ੍ਹੀ ਹੈ। ਇਸ ਮੌਕੇ'ਤੇ ਹਰਜੀਤ ਸਿੰਘ ਲੌਂਗੀਆ, ਡਾ. ਨਛੱਤਰਪਾਲ, ਠੇਕੇਦਾਰ ਭਗਵਾਨ ਦਾਸ, ਕੁਲਦੀਪ ਸਿੰਘ ਸਰਦੂਲਗੜ੍ਹ, ਡਾ. ਮੱਖਣ ਸਿੰਘ, ਬਲਦੇਵ ਸਿੰਘ ਮੇਹਰਾ, ਰੋਹਿਤ ਖੋਖਰ, ਤੀਰਥ ਰਾਜਪੁਰਾ, ਰਮਨ ਕੁਮਾਰ ਗੁਰਦਾਸਪੁਰ, ਗੁਰਮੇਲ ਸਿੰਘ ਜੀ. ਕੇ., ਗੁਰਮੇਲ ਸਿੰਘ ਸੰਧੂ, ਸੁਖਵਿੰਦਰ ਕੋਟਲੀ, ਸਵਿੰਦਰ ਸਿੰਘ ਛੱਡਲਵੰਡੀ, ਲਾਲ ਸਿੰਘ ਸੁਲਹਾਣੀ, ਸੰਤੋਸ਼ ਕੁਮਾਰੀ, ਰਜਿੰਦਰ ਸਿੰਘ ਨਨਹੇੜੀਆਂ, ਪਰਮਜੀਤ ਮੱਲ, ਬਲਵਿੰਦਰ ਕੁਮਾਰ, ਮਨਜੀਤ ਸਿੰਘ ਅਟਵਾਲ, ਰਾਜੇਸ਼ ਕੁਮਾਰ, ਜਗਦੀਪ ਸਿੰਘ ਗੋਗੀ, ਬਲਜੀਤ ਸਿੰਘ ਭਾਰਾਪੁਰ, ਪੀ. ਡੀ. ਸ਼ਾਂਤ ਆਦਿ ਬਸਪਾ ਆਗੂ ਵੀ ਹਾਜ਼ਰ ਸਨ।




## ਸਿੱਖ ਧਰਮ ਦੇ ਮਹਾਨ ਸ਼ਹੀਦ ਭਾਈ ਮਨੀ ਸਿੰਘ ਜੀ ਦੇ ਸ਼ਹੀਦੀ ਪੁਰਬ 'ਤੇ ਵਿਸ਼ੇਸ਼

# 'ਪੁਰਜਾ-ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ'

ਭਾਈ ਮਨੀ ਸਿੰਘ ਜੀ ਪੰਜਾਬ ਦੇ ਸਿੱਖ ਇਤਿਹਾਸ 'ਚ 18ਵੀਂ ਸਦੀ ਦੇ ਇਕ ਮਹਾਨ ਸ਼ਹੀਦ ਤੇ ਸਿੱਖ ਚਿੰਤਕ ਸਨ। ਉਹ ਗੁਰੂ ਗੋਬਿੰਦ ਸਿੰਘ ਜੀ ਦੇ ਬਚਪਨ ਦੇ ਸਾਥੀ ਸਨ ਤੇ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਅਪ੍ਰੈਲ 1699 ਨੂੰ ਵਿਸਾਖੀ ਵਾਲੇ ਦਿਨ 'ਖਾਲਸਾ ਪੰਥ' ਦੀ ਸਿਰਜਣਾ ਕੀਤੀ ਤਾਂ ਉਨ੍ਹਾਂ ਨੇ ਵੀ ਅੰਮ੍ਰਿਤ ਛਕਿਆ। ਉਹ ਸਿੱਖ ਸਿਧਾਂਤਾਂ ਦੇ ਪੱਕੇ ਪੈਰੋਕਾਰ ਸਨ। ਇਸ ਤੋਂ ਉਪਰੰਤ ਛੇਤੀ ਹੀ ਗੁਰੂ ਸਾਹਿਬ ਨੇ ਉਹਨਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਇਕ ਨਿਗਰਾਨ ਤੇ ਪ੍ਰਬੰਧਕ ਵਜੋਂ ਨਿਯੁਕਤ ਕਰਕੇ ਅੰਮ੍ਰਿਤਸਰ ਭੇਜਿਆ ਕਿਉਂਕਿ 1696 ਤੋਂ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧ ਲਈ ਕੋਈ ਪ੍ਰਬੰਧਕ ਨਹੀਂ ਸੀ ਤੇ ਇਸ 'ਤੇ ਮੀਣਿਆਂ ਤੇ ਮਸੰਦਾਂ ਨੇ ਕਬਜ਼ਾ ਕੀਤਾ ਹੋਇਆ ਸੀ। ਭਾਈ ਮਨੀ ਸਿੰਘ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦਾ ਪ੍ਰਬੰਧ ਉਸ ਸਮੇਂ ਸੰਭਾਲਿਆ ਜਦੋਂ ਸਿੱਖ ਇਤਿਹਾਸ ਇਕ ਬੜੇ ਨਾਜ਼ੁਕ ਮੋੜ ਤੋਂ ਗੁਜ਼ਰ ਰਿਹਾ ਸੀ।

ਭਾਈ ਮਨੀ ਸਿੰਘ ਜੀ ਇਕ ਮਹਾਨ ਸਿੱਖ ਵਿਦਵਾਨ, ਇਕ ਸੱਚੇ-ਸੁੱਚੇ ਸਿੱਖ ਸਿਧਾਂਤਾਂ ਨੂੰ ਮੰਨਣ ਵਾਲੇ ਸਿੰਘ, ਸਿੱਖ ਧਰਮ ਨੂੰ ਅਗਵਾਈ ਦੇਣ ਵਾਲੇ ਨੇਤਾ, ਬੜੇ ਉੱਚੇ ਚਰਿੱਤਰ ਦੇ ਮਾਲਕ ਤੇ ਇਕ ਨੇਕ ਦਿਲ ਇਨਸਾਨ ਸਨ। ਉਨ੍ਹਾਂ ਨੇ ਸਿੱਖ ਧਰਮ ਦੀ ਆਨ ਤੇ ਸ਼ਾਨ ਦੀ ਚੜ੍ਹਦੀ ਕਲਾ ਬਣਾਈ ਰੱਖਣ ਲਈ ਆਪਣਾ ਸਾਰਾ ਜੀਵਨ ਅਰਪਿਤ ਕਰ ਦਿੱਤਾ। ਉਹਨਾਂ ਨੇ ਸਿੱਖ ਧਰਮ ਨੂੰ, ਭਾਰਤ ਦੀ ਕੌਮੀ ਪੱਤਰ 'ਤੇ ਲਿਆਉਣ ਲਈ ਸਿਰਤੋੜ ਯਤਨ ਕੀਤੇ। ਉਨ੍ਹਾਂ ਦੀ ਇਸ ਘਾਲਣਾ ਬਦਲੇ ਉਨ੍ਹਾਂ ਨੂੰ ਇਸ ਦਾ ਬੜਾ ਵੱਡਾ ਮੁੱਲ ਵੀ ਚੁਕਾਉਣਾ ਪਿਆ ਤੇ ਉਹਨਾਂ ਨੂੰ ਲਾਹੌਰ ਵਿਖੇ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ। ਇਸ ਲਈ ਉਨ੍ਹਾਂ ਦੀ ਏਡੀ ਵੱਡੀ ਕੁਰਬਾਨੀ ਕਰਕੇ ਹੀ ਸਿੱਖ ਧਰਮ ਦੀ ਰੋਜ਼ਾਨਾ ਜ਼ਿੰਦਗੀ ਦੀ ਅਰਦਾਸ 'ਚ ਉਨ੍ਹਾਂ ਦਾ ਨਾਮ ਦਰਜ ਹੈ ਤੇ ਉਹ ਪੂਜਣਯੋਗ ਬਣ ਗਏ ਹਨ। ਉਨ੍ਹਾਂ ਦੇ ਜੀਵਨ ਬਾਰੇ ਸਾਨੂੰ ਜਾਣਕਾਰੀ ਸਿੱਖ ਧਰਮ ਦੇ ਪੁਰਾਣੇ ਇਤਿਹਾਸਕ ਗ੍ਰੰਥਾਂ ਜਿਵੇਂ: ਸ੍ਰੀ 'ਸੂਰਜ ਪ੍ਰਕਾਸ਼ ਗ੍ਰੰਥ' 'ਚੋਂ ਬੜੀ ਆਸਾਨੀ ਨਾਲ ਮਿਲ ਜਾਂਦੀ ਹੈ।

ਭਾਈ ਮਨੀ ਸਿੰਘ ਜੀ 'ਸ੍ਰੀ ਦਰਬਾਰ ਸਾਹਿਬ' ਅੰਮ੍ਰਿਤਸਰ ਦੇ ਪ੍ਰਮੁੱਖ ਗ੍ਰੰਥੀ ਸਨ। ਮਾਤਾ ਜੀਤੋ ਜੀ (ਜਿਨ੍ਹਾਂ ਦਾ ਪੂਰਾ ਨਾਮ ਅਜੀਤ ਕੌਰ ਤੇ ਉਹ ਮਾਤਾ ਸੁੰਦਰੀ ਜੀ ਦੇ ਨਾਮ ਨਾਲ ਵੀ ਜਾਣੇ ਜਾਂਦੇ ਸਨ) ਸਪੁੱਤਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਉਹ ਸ੍ਰੀ ਦਰਬਾਰ ਸਾਹਿਬ ਵਿਖੇ ਬਣੇ ਕਈ ਸਿੱਖ ਧੜਿਆਂ ਨੂੰ ਇਕ ਨੇਤਾ ਦੀ ਅਗਵਾਈ ਹੇਠ ਇਕੱਤਰ ਕਰਨ ਤਾਂ ਜੋ ਸਿੱਖ ਕੌਮ 'ਚ ਏਕਤਾ ਆ ਸਕੇ ਤੇ ਉਹ ਇਕ ਮਜ਼ਬੂਤ ਸੰਗਠਿਤ ਸ਼ਕਤੀ ਵਜੋਂ ਉੱਭਰ ਸਕਣ। ਭਾਈ ਮਨੀ ਸਿੰਘ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮਨਾਏ ਜਾਂਦੇ 'ਬੰਦੀ ਛੋੜ ਦਿਵਸ' (ਦੀਵਾਲੀ) ਦੇ ਦਿਨ ਨੂੰ, ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਚੁਣਿਆ।

ਉਸ ਵੇਲੇ ਦੀ ਲਾਹੌਰ ਮੁਗਲ ਹਕੂਮਤ ਤੋਂ ਇਸ ਦਿਨ 'ਤੇ ਭਾਰੀ ਇਕੱਠ ਕਰਨ ਦੀ ਆਗਿਆ ਵੀ ਲੈ ਲਈ ਗਈ। ਲਾਹੌਰ ਦੇ ਗਵਰਨਰ ਜ਼ਕਰੀਆ ਖਾਨ ਨੇ ਇਸ ਦੇ ਨਾਲ ਹੀ ਇਕ ਸ਼ਰਤ ਵੀ ਰੱਖ ਦਿੱਤੀ ਕਿ ਉਹਨਾਂ ਨੂੰ ਇਸ ਵਿਸ਼ਾਲ ਇਕੱਠ ਕਰਨ ਬਦਲੇ ਸਰਕਾਰ ਪਾਸ 5000 ਰੁਪਏ ਟੈਕਸ ਵਜੋਂ ਵੀ ਜਮ੍ਹਾ ਕਰਵਾਉਣੇ ਪੈਣਗੇ। ਭਾਈ ਮਨੀ ਸਿੰਘ ਜੀ ਨੇ ਇਹ ਸ਼ਰਤ ਮੰਨ ਕੇ ਪੰਜਾਬ ਦੀ ਸਿੱਖ ਸੰਗਤ ਨੂੰ ਚਿੱਠੀਆਂ ਰਾਹੀਂ ਸੁਨੇਹਾ ਭੇਜ ਕੇ, ਦੀਵਾਲੀ ਵਾਲੇ ਦਿਨ ਸ੍ਰੀ ਦਰਬਾਰ ਸਾਹਿਬ ਵਿਖੇ ਇਹ ਦਿਨ ਮਨਾਉਣ ਲਈ ਹੁੰਮ-ਹੁੰਮਾ ਕੇ ਪੁੱਜਣ ਲਈ ਬੇਨਤੀ ਵੀ ਕਰ ਦਿੱਤੀ।

ਮੁਗਲ ਹਕੂਮਤ ਬੜੀ ਚਲਾਕ ਸੀ ਤੇ ਉਨ੍ਹਾਂ ਨੇ ਇਕ ਗੁਪਤ ਯੋਜਨਾ ਬਣਾਈ ਕਿ ਇਸ ਦਿਨ 'ਤੇ ਸਿੱਖਾਂ ਦਾ ਭਾਰੀ ਇਕੱਠ ਹੋਵੇਗਾ ਤੇ ਇਸ ਭੀੜ 'ਤੇ ਹਮਲਾ ਕਰਕੇ ਵੱਡੀ ਗਿਣਤੀ 'ਚ ਸਿੱਖ ਨੌਜਵਾਨਾਂ ਨੂੰ ਮਾਰ ਦਿੱਤਾ ਜਾਵੇਗਾ। ਵਾਹਿਗੁਰੂ ਦੀ ਕ੍ਰਿਪਾ ਇਹ ਹੋਈ ਕਿ ਇਕ ਸੂਹੀਏ ਨੇ ਇਸ ਗੁਪਤ ਯੋਜਨਾ ਦੀ ਸਾਰੀ ਜਾਣਕਾਰੀ ਭਾਈ ਮਨੀ ਸਿੰਘ ਜੀ ਨੂੰ ਦੇ ਦਿੱਤੀ। ਭਾਈ ਮਨੀ ਸਿੰਘ ਜੀ ਨੂੰ, ਗਵਰਨਰ ਜ਼ਕਰੀਆ ਖਾਨ ਦੇ ਇਸ ਤਰ੍ਹਾਂ ਦੇ ਵਿਸ਼ਵਾਸਘਾਤ ਕਰਨ 'ਤੇ ਬੜਾ ਗੁੱਸਾ ਆਇਆ ਤੇ ਉਨ੍ਹਾਂ ਨੇ ਦੁਬਾਰਾ ਚਿੱਠੀਆਂ ਲਿਖਕੇ ਸਾਰੇ ਪੰਜਾਬ 'ਚ ਸਿੱਖ ਸੰਗਤ ਨੂੰ ਸੂਚਿਤ ਕਰ ਦਿੱਤਾ ਕਿ ਉਹ ਇਸ ਦਿਨ 'ਤੇ ਦਰਬਾਰ ਸਾਹਿਬ 'ਚ ਇਕੱਤਰ ਹੋ ਕੇ ਇਹ ਦਿਨ ਨਾ ਮਨਾਉਣ ਕਿਉਂਕਿ ਇਹ ਪ੍ਰੋਗਰਾਮ ਰੱਦ ਕੀਤਾ ਜਾਂਦਾ ਹੈ।

ਭਾਈ ਮਨੀ ਸਿੰਘ ਜੀ ਨੇ ਇਕੱਤਰ ਹੋਣ ਵਾਲੇ ਇਕੱਠ ਬਦਲੇ ਸਰਕਾਰ ਨੂੰ ਜੋ 5000 ਰੁਪਏ ਟੈਕਸ ਵਜੋਂ ਦੇਣਾ ਸੀ, ਦੇਣ ਤੋਂ ਇਨਕਾਰ ਕਰ ਦਿੱਤਾ ਤੇ ਇਹ ਕਿਹਾ ਕਿ ਜਦ ਅਸੀਂ ਇਹ ਇਕੱਠ ਕੀਤਾ ਹੀ ਨਹੀਂ ਤਾਂ ਟੈਕਸ ਕਿਸ ਗੱਲ ਦਾ ਦਿੱਤਾ ਜਾਵੇ। ਭਾਈ ਮਨੀ ਸਿੰਘ ਜੀ ਦੇ ਇਹ ਇਨਕਾਰ ਕਰਨ 'ਤੇ ਉਹਨਾਂ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰਕੇ ਜ਼ਕਰੀਆ ਖਾਨ ਦੀ ਅਦਾਲਤ 'ਚ ਪੇਸ਼ ਕਰ ਦਿੱਤਾ। ਭਾਈ ਮਨੀ ਸਿੰਘ ਜੀ ਨੇ ਜਾਂਦਿਆਂ ਹੀ ਗਵਰਨਰ ਜ਼ਕਰੀਆ ਖਾਨ ਨੂੰ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ' ਬੁਲਾਅ ਕੇ ਨਮਸਕਾਰ ਕੀਤਾ।

ਉਕਤ ਜੈਕਾਰਾ ਸੁਣ ਕੇ ਜ਼ਕਰੀਆ ਖਾਨ ਬੜੇ ਗੁੱਸੇ 'ਚ ਬੋਲਿਆ ਤੇ ਕਿਹਾ, "ਉਹ ਭਾਈ ਮਨੀ ਸਿੰਘਾ ਆਪਣੀਆਂ ਅੱਖਾਂ ਖੋਲ੍ਹ ਕੇ ਦੇਖ, ਤੂੰ ਦਰਬਾਰ ਸਾਹਿਬ ਦੀ ਪ੍ਰਕਰਮਾ 'ਚ ਨਹੀਂ ਘੁੰਮ ਰਿਹਾ ਕਿ ਜਿੱਥੇ ਤੂੰ ਇਹ ਫਤਿਹ ਦੇ ਜੈਕਾਰੇ ਬੋਲ ਰਿਹਾ ਹੋਵੇਂ। ਹੁਣ ਤੂੰ ਲਾਹੌਰ ਵਿਖੇ ਜ਼ਕਰੀਆ ਖਾਨ ਦੀ ਅਦਾਲਤ 'ਚ ਹੈ, ਜਿੱਥੇ ਇੱਥੋਂ ਦੀ ਹਵਾ ਵੀ ਇਹ ਕਹਿੰਦੀ ਹੈ ਕਿ, "ਅਲਾਹ ਹੀ ਮਹਾਨ ਹੈ, ਸਿਰਫ ਅਲਾਹ ਹੀ ਮਹਾਨ ਹੈ।" ਤੂੰ ਇੱਥੇ ਇਹ ਸਿੱਖ ਧਰਮ ਦਾ ਜੈਕਾਰਾ ਕਿਵੇਂ ਬੋਲਣ ਦੀ ਜੁਰਅਤ ਕਰ ਲਈ? ਭਾਈ ਮਨੀ ਸਿੰਘ ਜੀ ਨੇ ਬੜੀ ਬਹਾਦਰੀ ਤੇ ਦ੍ਰਿੜ੍ਹ ਵਿਸ਼ਵਾਸ ਨਾਲ ਕਿਹਾ ਕਿ, "ਤੂੰ ਅੱਜ ਇਕ ਗਿੱਦੜ ਵਾਂਗ ਡਰਪੋਕ ਇਨਸਾਨ ਨੂੰ ਨਹੀਂ ਮਿਲਿਆ, ਸਗੋਂ ਤੇਰਾ ਅੱਜ ਸਾਹਮਣਾ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਕ



ਸ਼ੇਰ ਵਰਗੇ ਬਹਾਦਰ ਸਿੱਖ ਨਾਲ ਹੋਇਆ ਹੈ।"

ਜ਼ਕਰੀਆ ਖਾਨ ਬੜਾ ਕ੍ਰੋਧਿਤ ਹੋ ਕੇ ਬੋਲਿਆ ਤੇ ਕਿਹਾ, "ਉਹ ਬੁੱਢੇ ਆਦਮੀ, ਤੂੰ ਹੁਣ ਜਵਾਨ ਨਹੀਂ ਹੈ। ਜੇਕਰ ਤੂੰ ਮੇਰੇ ਇਸਲਾਮ ਧਰਮ 'ਚ ਸ਼ਾਮਲ ਹੋਵੇਗਾ ਤਾਂ ਮੈਂ ਤੇਰੀ ਜ਼ਿੰਦਗੀ ਖੁਸ਼ੀਆਂ ਨਾਲ ਭਰ ਦਿਆਂਗਾ। ਮੈਂ ਤੈਨੂੰ ਕਈ ਪਤਨੀਆਂ ਦੇਵਾਂਗਾ, ਜ਼ਮੀਨ-ਜਾਇਦਾਦ ਦੇਵਾਂਗਾ ਤੇ ਬੈਠਣ ਲਈ ਤੇਰੇ ਹੇਠਾਂ ਤਖਤ ਹੋਵੇਗਾ। ਉਹ ਭਾਈ ਮਨੀ ਸਿੰਘ, ਕੀ ਫਰਕ ਪਵੇਗਾ, ਜੇਕਰ ਤੂੰ ਗੁਰਬਾਣੀ ਪੜ੍ਹਨ ਤੋਂ ਪਹਿਲਾਂ ਕੁਰਾਨ ਸ਼ਰੀਫ ਪੜ੍ਹ ਲਵੇਗਾ ਤਾਂ। 'ਵਾਹਿਗੁਰੂ' ਕਹਿਣ ਤੋਂ ਪਹਿਲਾਂ ਹੁਣ ਤੂੰ 'ਅੱਲਾਹ ਮਹਾਨ ਹੈ' ਕਹਿ ਸਕਦਾ ਹੈਂ। ਇਸ ਤਰ੍ਹਾਂ ਕਹਿਣ 'ਚ ਤੈਨੂੰ ਕੀ ਫਰਕ ਪੈਂਦਾ ਹੈ?"

ਭਾਈ ਮਨੀ ਸਿੰਘ ਜੀ ਇਕ ਵਿਦਵਾਨ ਸਿੱਖ ਸਨ ਤੇ ਉਨ੍ਹਾਂ ਨੇ ਕਿਹਾ, "ਐ! ਜ਼ਕਰੀਆ ਖਾਨ ਯਾਦ ਰੱਖ, ਸਾਡਾ ਤੇਰੇ ਧਰਮ ਨਾਲ ਕੋਈ ਗੁੱਸਾ ਨਹੀਂ ਹੈ ਤੇ ਨਾ ਹੀ ਤੇਰੇ ਧਰਮ ਨੂੰ ਅਸੀਂ ਨਫ਼ਰਤ ਕਰਦੇ ਹਾਂ। ਸਾਡੀ ਗੁਰਬਾਣੀ ਕਹਿੰਦੀ ਹੈ, "ਫਰੀਦਾ ਬੇਨਿਵਾਜਾ ਕੁਤਿਆਂ, ਇਹ ਨ ਭਲੀ ਰੀਤਿ। ਕਬੀ ਚਲਿ ਨ ਆਇਆ ਪੰਜੇ ਵਖਤ ਮਸੀਤੁ। ਫਰੀਦ ਜੀ ਕਹਿੰਦੇ ਹਨ, ਹੇ! ਬੇਭਰੋਸਗੀ ਵਾਲੇ ਕੁੱਤੇ ਇਨਸਾਨ, ਇਹ ਜ਼ਿੰਦਗੀ ਜਿਊਣ ਦਾ ਅਸਲੀ ਰਸਤਾ ਨਹੀਂ ਹੈ। ਤੂੰ ਕਦੀ ਵੀ ਮਸੀਤ 'ਚ ਰੋਜ਼ਾਨਾ ਪੰਜੇ ਵਕਤ ਦੀ ਨਮਾਜ਼ ਪੜ੍ਹਨ ਲਈ ਨਹੀਂ ਆਇਆ। "ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ। ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ।।" ਸਭ ਤੋਂ ਪਹਿਲਾਂ ਅੱਲਾਹ ਨੇ ਰੌਸ਼ਨੀ ਪੈਦਾ ਕੀਤੀ। ਫਿਰ ਉਸ ਨੇ ਆਪਣੀ ਸ਼ਕਤੀ ਨਾਲ ਉਸ 'ਚੋਂ ਸਾਰੀ ਮਾਨਵਤਾ ਪੈਦਾ ਕੀਤੀ। ਉਸੇ ਇਕ ਜੋਤੀ 'ਚੋਂ ਉਸ ਨੇ ਸਾਰੇ ਸੰਸਾਰ ਦੀ ਰਚਨਾ ਕੀਤੀ। ਇਸੇ ਲਈ ਉਸ ਅੱਲਾਹ ਨੂੰ ਹੀ ਪਤਾ ਹੈ ਕਿ ਕੌਣ ਮਾੜਾ ਹੈ ਤੇ ਕੌਣ ਚੰਗਾ ਹੈ।



ਪ੍ਰੋ: ਐਚ.ਐਲ.ਕਪੂਰ

ਭਾਈ ਮਨੀ ਸਿੰਘ ਜੀ ਨੇ ਕਿਹਾ, "ਉਹ ਜ਼ਕਰੀਆ ਖਾਨ ਇਹ ਗੱਲ ਯਾਦ ਰੱਖ ਜਿਸ ਧਰਮ 'ਚ ਅਸੀਂ ਪੈਦਾ ਹੋਏ ਹਾਂ, ਉਸ ਧਰਮ 'ਚ ਹੀ ਅਸੀਂ ਆਪਣਾ ਆਖਰੀ ਸਾਹ ਲਵਾਂਗੇ। ਤੂੰ ਕਹਿੰਦਾ ਹੈ ਕਿ ਸਿੱਖਾਂ ਬਾਰੇ ਮੈਂ ਸਭ ਕਹਾਣੀਆਂ ਚੰਗੀ ਤਰ੍ਹਾਂ ਜਾਣਦਾ ਹਾਂ। ਤੂੰ ਜਾਣਦਾ ਹੈ ਕਿ ਸਿੱਖੀ ਦਾ ਫਲ ਰੂਪੀ ਬੂਟਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਲਗਾਇਆ ਹੈ। ਇਸ ਸਿੱਖੀ ਦੇ ਬੂਟੇ ਨੂੰ ਦੁਨੀਆਂ ਦਾ ਕੋਈ ਵੀ ਤੂਫਾਨ ਉਖਾੜ ਨਹੀਂ ਸਕਦਾ। ਇਹ ਫੁੱਲ ਰੂਪੀ ਬੂਟਾ ਟੁੱਟ ਤਾਂ ਸਕਦਾ ਹੈ ਪਰ ਕਦੀ ਝੁਕ ਨਹੀਂ ਸਕਦਾ।

ਇਸੇ ਤਰ੍ਹਾਂ ਦੇ ਸ਼ਬਦ ਅੰਗਰੇਜ਼ੀ ਦੇ ਮਹਾਨ ਨਾਟਕਕਾਰ ਵਿਲੀਅਮ ਸ਼ੈਕਸਪੀਅਰ ਨੇ ਕਹੇ ਸਨ ਕਿ, "ਜਿਹੜਾ ਇਨਸਾਨ ਮੁਸੀਬਤਾਂ ਦਾ ਡੱਟ ਕੇ ਸਾਹਮਣਾ ਕਰ ਸਕਦਾ ਹੈ, ਉਹੀ ਇਸ ਸੰਸਾਰ 'ਚ ਸਥਿਰ ਰਹਿ ਸਕਦਾ ਹੈ, ਜਿਹੜਾ ਝੁਕ ਜਾਂਦਾ ਹੈ ਉਹ ਟੁੱਟ ਜਾਂਦਾ ਹੈ।" ਗੁਰਬਾਣੀ ਵੀ ਇਹੀ ਸੰਦੇਸ਼ ਦਿੰਦੀ ਹੈ ਕਿ, "ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ। ਪੁਰਜਾ ਪੁਰਜਾ ਕਟਿ ਮਰੈ ਕਬਹੂ ਨਾ ਛਾਡੈ ਖੇਤੁ।।" ਭਾਵ ਸੂਰਮਾ ਇਨਸਾਨ ਉਹੀ ਹੈ ਜੋ ਆਪਣੇ ਦੀਨ-ਇਮਾਨ ਤੇ ਧਰਮ ਦੀ ਖਾਤਰ ਲੜੇ। ਇਸ ਦੀ ਖਾਤਰ ਉਹ ਲੜਾਈ ਦੇ ਮੈਦਾਨ 'ਚ ਪੁਰਜਾ-ਪੁਰਜਾ ਹੋ ਕੇ ਕੱਟ ਤਾਂ ਸਕਦਾ ਹੈ ਪਰ ਲੜਾਈ ਦੇ ਮੈਦਾਨ 'ਚੋਂ ਭੱਜਦਾ ਨਹੀਂ ਹੈ।

ਜ਼ਕਰੀਆ ਖਾਨ ਨੇ ਭਾਈ ਮਨੀ ਸਿੰਘ ਜੀ ਨੂੰ ਉੱਤਰ ਦਿੱਤਾ, "ਭਾਈ ਮਨੀ ਸਿੰਘ ਤੇਰੀ ਗੱਲ ਬਹੁਤ ਵਜ਼ਨਦਾਰ ਹੈ ਪਰ ਇਕ ਗੱਲ ਯਾਦ ਰੱਖ ਮੈਂ ਤੈਨੂੰ ਐਸੇ ਤਸੀਹੇ ਦੇਵਾਂਗਾ, ਮੈਂ ਐਸਾ ਫਰਮਾਨ ਜਾਰੀ ਕਰਾਂਗਾ ਜਿਸ ਨੂੰ ਸੁਣ ਕੇ ਤੈਨੂੰ ਕੰਬਣੀ ਛਿੜ ਜਾਵੇਗੀ ਤੇ ਤੂੰ ਤਰਾਹ-ਤਰਾਹ ਕਰ ਉੱਠੇਗਾ।"

ਭਾਈ ਮਨੀ ਸਿੰਘ ਜੀ ਨੇ ਆਪਣੇ ਚਿਹਰੇ 'ਤੇ ਮੁਸਕਾਨ ਲਿਆਉਂਦਿਆਂ ਕਿਹਾ, "ਧਰਤੀ ਕੰਬ ਸਕਦੀ ਹੈ ਤੇ ਅਸਮਾਨ ਡੋਲ ਸਕਦਾ ਹੈ ਪ੍ਰੰਤੂ ਗੁਰੂ ਨਾਨਕ ਦੇਵ ਜੀ ਦਾ ਸਿੱਖ ਨਾ ਤਾਂ ਕੰਬ ਸਕਦਾ ਹੈ ਨਾ ਹੀ ਉਹ ਡੋਲ ਸਕਦਾ ਹੈ। ਸਿੱਖੀ ਇਕ ਉਹ ਧਰਮ ਹੈ ਜਿਹਨਾਂ ਦੇ ਪੰਜਵੇਂ ਗੁਰੂ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤੱਤੀ ਤਵੀ 'ਤੇ ਬੈਠ ਕੇ ਤੇ ਸਿਰ ਵਿਚ ਗਰਮ ਰੇਤਾ ਪਵਾ ਕੇ, ਭਿਆਨਕ ਤਸੀਹੇ ਝੱਲ ਕੇ ਵੀ, ਸੀ ਤੱਕ ਨਹੀਂ ਕੀਤੀ ਸੀ। ਇਹ ਇਕ ਉਹ ਧਰਮ ਹੈ ਜਿਸ 'ਚ ਦੋ ਨਾਦਾਨ ਰੂਹਾਂ ਭਾਵ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦੇ, ਜਿਊਂਦੇ ਨੀਹਾਂ 'ਚ ਚਿਣ ਕੇ ਸ਼ਹੀਦ ਕੀਤੇ ਗਏ ਸਨ ਤੇ ਉਹਨਾਂ ਨੇ ਇਸਲਾਮ ਧਰਮ ਨਹੀਂ ਕਬੂਲ ਕੀਤਾ ਸੀ। ਯਾਦ ਰੱਖ ਜ਼ਕਰੀਆ ਖਾਨ, ਮੈਂ ਆਪਣੇ ਧਰਮ ਦੀ ਖਾਤਰ ਕੁਰਬਾਨ ਤਾਂ ਹੋ ਸਕਦਾ ਹਾਂ ਪਰ ਜੋ ਕੁਝ ਤੂੰ ਮੈਨੂੰ ਆਖਦਾ ਹੈਂ ਉਸ ਨੂੰ ਮੈਂ ਹਰਗਿਜ਼ ਕਬੂਲ ਨਹੀਂ ਕਰਾਂਗਾ।"

ਅਗਲੇ ਦਿਨ ਜ਼ਕਰੀਆ ਖਾਨ ਨੇ ਕਾਜ਼ੀ ਨੂੰ ਸੱਦਿਆ ਤੇ ਕਿਹਾ, "ਹੇ ਕਾਜ਼ੀ! ਆਪਣੀ ਸ਼ਰੀਅਤ ਦੇ ਨਿਯਮਾਂ ਦੀ ਪੁਸਤਕ 'ਚੋਂ ਮੈਂ ਚਾਹੁੰਦਾ ਹਾਂ ਕਿ ਇਕ ਅਜਿਹਾ ਫਤਵਾ ਜਾਰੀ ਕੀਤਾ ਜਾਵੇ, ਜਿਸ ਨੂੰ ਸੁਣ ਕੇ ਸਾਰੀ ਧਰਤੀ ਤੇ ਆਕਾਸ਼ ਕੰਬ ਉੱਠਣ।" ਕਾਜ਼ੀ ਨੇ ਸ਼ਰੀਅਤ ਦੀ ਪੁਸਤਕ ਖੋਲ੍ਹੀ ਤੇ ਫਤਵਾ ਐਲਾਨ ਕਰ ਦਿੱਤਾ ਤੇ ਕਿਹਾ ਕਿ, "ਇਸ ਕਾਫਰ (ਕੁਰਾਹੀਆ ਜਾਂ ਗੈਰ ਮੁਸਲਮਾਨ) ਨੂੰ ਬੰਦ-ਬੰਦ ਭਾਵ ਪੋਟਾ-ਪੋਟਾ ਕੱਟ ਕੇ ਕਤਲ ਕਰ ਦਿੱਤਾ ਜਾਵੇ।" ਭਾਈ ਮਨੀ ਸਿੰਘ ਜੀ ਇਹ ਸੁਣ ਕੇ ਲਲਕਾਰੇ ਤੇ ਜ਼ਕਰੀਆ ਖਾਨ ਉਹਨਾਂ ਦੇ ਨਜ਼ਦੀਕ ਹੀ ਖੜ੍ਹਾ ਸੀ ਤੇ ਉਹ ਕਹਿਣ ਲੱਗਾ, "ਓਹ ਮਨੀ ਸਿੰਘ ਕੀ ਤੂੰ ਡਰ ਗਿਆ ਹੈ? ਤੂੰ, ਘਬਰਾਇਆ ਹੋਇਆ ਲਲਕਾਰ ਰਿਹਾ ਹੈ, ਅਜੇ ਤਾਂ ਤੈਨੂੰ ਫਤਵਾ ਸੁਣਾਇਆ ਈ ਹੈ ਤੇ ਤੇਰਾ ਅਜੇ ਬੰਦ-ਬੰਦ ਤਾਂ ਕੱਟਣਾ ਹੈ।"

ਭਾਈ ਮਨੀ ਸਿੰਘ ਜੀ ਨੇ ਜ਼ਕਰੀਆ ਖਾਨ ਵੱਲ ਤਾੜਵੀਂ ਨਜ਼ਰ ਨਾਲ ਦੇਖਿਆ ਤੇ ਕਿਹਾ, "ਉਹ ਜ਼ਕਰੀਆ ਖਾਨ ਮੈਂ ਬਿਲਕੁਲ ਨਹੀਂ ਘਬਰਾਇਆ, ਮੈਂ ਤਾਂ ਆਪਣੇ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੂੰ ਯਾਦ ਕਰ ਰਿਹਾ ਹਾਂ।" ਤੂੰ ਆਪਣੇ ਗੁਰੂ ਦੀ ਸਿੱਖੀ ਤੋਂ ਕੀ ਹਾਸਲ ਕੀਤਾ ਹੈ? ਅਜੇ ਤੇਰਾ ਬੰਦ-ਬੰਦ ਕੱਟ ਹੋਣ 'ਚ ਸਮਾਂ ਪਿਆ ਹੈ, ਤੂੰ ਉਸ ਤੋਂ ਪਹਿਲਾਂ-ਪਹਿਲਾਂ ਇਸਲਾਮ ਧਰਮ ਕਬੂਲ ਕਰ ਸਕਦਾ ਹੈ।" ਭਾਈ ਮਨੀ ਸਿੰਘ ਜੀ ਨੇ ਉੱਤਰ ਦਿੱਤਾ, "ਇਹ ਮਸਲਾ ਨਹੀਂ ਹੈ ਕਿ ਮੈਂ ਆਪਣੇ ਗੁਰੂ ਸਾਹਿਬ ਨੂੰ ਯਾਦ ਕਰਕੇ ਘਬਰਾ ਗਿਆ ਹਾਂ, ਦਰਅਸਲ 'ਚ ਮੈਂ ਜਦੋਂ ਸ੍ਰੀ ਅੰਮ੍ਰਿਤਸਰ ਸਾਹਿਬ ਛੱਡਿਆ ਸੀ, ਉਦੋਂ ਮੈਂ ਅਰਦਾਸ ਕੀਤੀ ਸੀ ਤੇ ਉਸ 'ਚ ਮੈਂ ਆਪਣੇ ਗੁਰੂ ਸਾਹਿਬ ਤੋਂ ਇਹ ਮੰਗਿਆ ਸੀ ਕਿ ਹੇ! ਸੱਚੇ ਪਾਤਸ਼ਾਹ ਮੇਰੇ ਸਰੀਰ ਦਾ ਇਕ-ਇਕ ਵਾਲ ਭਾਵ ਇਕ-ਇਕ ਰੋਮ ਵੀ ਸਿੱਖੀ ਸਿਦਕ ਲਈ ਪ੍ਰਵਾਨ ਚੜ੍ਹੇ, ਪਰ ਇਸ ਦੀ ਥਾਂ ਇਕ-ਇਕ ਬੰਦ ਹੀ ਕਿਉਂ ਪ੍ਰਵਾਨ ਚੜ੍ਹੇ, ਸਿਰਫ ਮੇਰੀ ਅਰਦਾਸ 'ਚ ਇਹੀ ਕਮੀ ਰਹਿ ਗਈ ਸੀ, ਮੈਂ ਤਾਂ ਸਿਰਫ ਇਹੀ ਸੋਚ ਰਿਹਾ ਸੀ।"

ਜ਼ਕਰੀਆ ਖਾਨ ਨੇ ਕਿਹਾ, "ਇਹ ਲੱਗਦਾ ਹੈ ਕਿ ਤੁਸੀਂ ਗੱਲਾਂ ਬਹੁਤ ਕਰਦੇ ਹੋ, ਪਰ ਯਾਦ ਰੱਖ ਤੂੰ ਅਜੇ ਜਲਾਦ ਦੀ ਸ਼ਕਲ ਨਹੀਂ ਦੇਖੀ। ਜਦੋਂ ਤੂੰ ਉਸ ਦੀ ਸ਼ਕਲ ਦੇਖੇਂਗਾ ਤਾਂ ਤੂੰ ਡਰ ਜਾਏਂਗਾ।" ਇੰਨੇ ਨੂੰ ਜਲਾਦ ਆ ਜਾਂਦਾ ਹੈ। ਉਸ ਦੇ ਹੱਥ 'ਚ ਤਲਵਾਰ ਫੜੀ ਹੋਈ ਹੈ। ਭਾਈ ਮਨੀ ਸਿੰਘ ਜੀ ਨੇ ਜਲਾਦ ਨੂੰ ਕਿਹਾ, "ਤੂੰ ਆਪਣੀ ਤਲਵਾਰ ਤਿੱਖੀ ਕਰ ਲੈ ਤੇ ਮੈਂ ਆਪਣਾ ਮਨ ਤਿੱਖਾ ਕਰ ਲੈਂਦਾ ਹਾਂ।" ਜਲਾਦ ਨੇ ਉੱਤਰ ਦਿੱਤਾ, "ਮੈਂ ਆਪਣੀ ਤਲਵਾਰ ਰੇਤੀ 'ਤੇ ਰਗੜ ਕੇ ਤੇਜ ਕਰ ਲੈਂਦਾ ਹਾਂ ਤੇ ਤੁਸੀਂ ਆਪਣਾ ਮਨ ਕਿਸ ਚੀਜ਼ ਨਾਲ ਤੇਜ ਕਰੋਗੇ? ਭਾਈ ਮਨੀ ਸਿੰਘ ਜੀ ਨੇ ਉੱਤਰ ਦਿੱਤਾ, "ਉਹ ਜਲਾਦ! ਜਿਸ ਰੇਤੀ 'ਤੇ ਰਗੜ ਕੇ ਤੂੰ ਆਪਣੀ ਤਲਵਾਰ ਤਿੱਖੀ ਕਰੇਗਾ। ਇਹ ਰੇਤੀ ਟੁੱਟ ਜਾਏਗੀ ਕਿਉਂਕਿ ਇਸ ਨੂੰ ਆਦਮੀ ਨੇ ਹੀ ਬਣਾਇਆ ਹੈ ਪ੍ਰੰਤੂ ਮੈਂ ਆਪਣਾ ਮਨ ਅਕਾਲ ਪੁਰਖ ਦੇ ਨਾਮ ਤੇ ਗੁਰਬਾਣੀ ਨਾਲ ਜੋੜ ਕੇ ਤੇਜ਼ ਕਰ ਲਵਾਂਗਾ, ਕਿਉਂਕਿ ਉਸ ਨੇ ਹੀ ਮਨੁੱਖ ਨੂੰ ਸਿਰਜਿਆ ਹੈ।"

ਹੁਣ ਜਲਾਦ ਨੇ ਆਪਣੀ ਤਲਵਾਰ ਤੇਜ਼ ਕਰ ਲਈ ਤੇ ਭਾਈ ਮਨੀ ਸਿੰਘ ਜੀ ਨੇ ਆਪਣਾ ਮਨ ਵਾਹਿਗੁਰੂ ਤੇ ਗੁਰਬਾਣੀ ਦੇ ਪਾਠ ਨਾਲ ਜੋੜ ਲਿਆ। ਉਨ੍ਹਾਂ ਨੇ 'ਜਪੁਜੀ' ਸਾਹਿਬ ਦੇ ਪਾਠ ਦੀ ਸਮਾਪਤੀ ਤੋਂ ਬਾਅਦ ਉੱਚੀ ਆਵਾਜ਼ 'ਚ ਜੈਕਾਰਾ ਛੱਡਿਆ, "ਬੋਲੇ ਸੋ ਨਿਹਾਲ! ਸਤਿ ਸ੍ਰੀ ਅਕਾਲ!" ਨਾਮ ਦੀ ਖੁਮਾਰੀ ਤੇ ਗੁਰਬਾਣੀ ਦਾ ਜਾਪੁ ਕਰਨ ਨਾਲ ਉਹ ਆਪਣੀ ਪੂਰੀ ਤਾਕਤ ਨਾਲ ਦਹਾੜ ਕੇ ਜਲਾਦ ਨੂੰ ਬੋਲੇ, "ਆਓ ਜਲਾਦ! ਹੁਣ ਸਿਰਫ ਮੈਂ ਤੇ ਤੂੰ ਹੀ ਗੱਲ ਕਰਾਂਗੇ।" ਜਲਾਦ ਨੇ ਲੱਕੜ ਦਾ ਇਕ ਅੱਡਾ ਨੁਮਾ ਟੋਟਾ ਥੋੜ੍ਹਾ ਅੱਗੇ ਕੀਤਾ ਤੇ ਭਾਈ ਮਨੀ ਸਿੰਘ ਜੀ ਥੋੜ੍ਹਾ ਅਗਾਂਹ ਵਧਦੇ ਹੋਏ ਕਹਿੰਦੇ ਹਨ, "ਸਤਿਨਾਮ ਸ੍ਰੀ ਵਾਹਿਗੁਰੂ" ਤੇ ਫਿਰ ਆਪਣਾ ਸੱਜਾ ਹੱਥ ਉਸ ਲੱਕੜ ਦੇ ਟੁਕੜੇ ਉਪਰ ਰੱਖ ਦਿੰਦੇ ਹਨ।

ਜਲਾਦ ਭਾਈ ਮਨੀ ਸਿੰਘ ਜੀ ਦੀਆਂ ਉਂਗਲਾਂ 'ਤੇ ਵਾਰ ਕਰਕੇ ਉਨ੍ਹਾਂ ਨੂੰ ਕੱਟ ਦਿੰਦਾ ਹੈ। ਭਾਈ ਮਨੀ ਸਿੰਘ ਜੀ ਆਪਣਾ ਹੱਥ ਪਿੱਛੇ ਖਿੱਚ ਲੈਂਦੇ ਹਨ। "ਭਾਈ ਮਨੀ ਸਿੰਘ, ਤੂੰ ਡਰ ਗਿਆ ਹੈ! ਪਹਿਲਾਂ ਤੂੰ ਬੜੀਆਂ ਗੱਲਾਂ ਕਰਦਾ ਸੀ, ਇਹ ਤਾਂ ਅਜੇ ਸਿਰਫ ਪਹਿਲਾ ਹੀ ਕੱਟ ਹੈ। ਤੂੰ ਸਾਡਾ ਪਹਿਲਾ ਵਾਰ ਹੀ ਸਹਾਰ ਨਹੀਂ ਸਕਿਆ, ਅਸੀਂ ਤਾਂ ਅਜੇ ਤੇਰੇ ਸਰੀਰ ਦਾ ਬੰਦ-ਬੰਦ ਕੱਟਣਾ ਹੈ," ਜ਼ਕਰੀਆ ਖਾਨ ਨੇ ਕਿਹਾ।

ਭਾਈ ਮਨੀ ਸਿੰਘ ਜੀ ਨੇ ਉੱਤਰ ਦਿੱਤਾ, "ਐ ਜਲਾਦ! ਤੁਹਾਡੇ ਫਤਵੇ ਮੁਤਾਬਕ ਕੀ ਹੈ? ਤੁਸੀਂ ਮੇਰਾ ਬੰਦ-ਬੰਦ ਕੱਟਣਾ ਹੈ। ਤੁਸੀਂ ਤਾਂ ਇਕੋ ਵਾਰ 'ਚ ਹੀ ਮੇਰੀਆਂ ਸਾਰੀਆਂ ਉਂਗਲਾਂ ਕੱਟ ਦਿੱਤੀਆਂ ਹਨ। ਜ਼ਕਰੀਆ ਖਾਨ, ਤੁਸੀਂ ਆਪਣੇ ਨੌਕਰ ਨੂੰ ਆਖੋ ਕਿ ਉਹ ਤੁਹਾਡੇ ਹੁਕਮਾਂ ਦੀ ਪੂਰੀ ਪਾਲਣਾ ਕਰੇ ਤੇ ਮੈਂ ਆਪਣੇ ਸੱਚੇ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਾਂ ਦੀ ਪੂਰੀ ਪਾਲਣਾ ਕਰਾਂਗਾ।

ਭਾਈ ਮਨੀ ਸਿੰਘ ਜੀ ਦੇ ਸਰੀਰ ਦਾ ਇਕ-ਇਕ ਬੰਦ ਕੱਟ ਦਿੱਤਾ ਗਿਆ ਤੇ ਉਹ ਗੁਰਬਾਣੀ ਦਾ ਜਾਪੁ ਆਪਣੇ ਆਖਰੀ ਸਵਾਸਾਂ ਤੱਕ ਕਰਦੇ ਰਹੇ। ਉਨ੍ਹਾਂ ਨੇ ਗੁਰਬਾਣੀ ਦੇ ਇਸ ਕਥਨ ਨੂੰ ਕਿਹਾ, "ਪੁਰਜਾ ਪੁਰਜਾ ਕਟਿ ਮਰੈ ਕਬਹੁ ਨਾ ਛਾਡੈ ਖੇਤੁ" ਨੂੰ ਸੱਚ ਸਾਬਤ ਕਰ ਦਿਖਾਇਆ ਤੇ ਉਹ ਧਰਮ ਦੀ ਰਾਖੀ ਖਾਤਰ ਰਣ ਦੇ ਮੈਦਾਨ 'ਚੋਂ ਨਹੀਂ ਦੌੜੇ।

ਸਤਿਨਾਮ ਵਾਹਿਗੁਰੂ ਦਾ ਜਾਪੁ ਕਰਦਿਆਂ ਭਾਈ ਮਨੀ ਸਿੰਘ ਜੀ ਦੇ ਸਰੀਰ ਦਾ ਇਕ ਇਕ ਬੰਦ ਉਂਗਲਾਂ, ਲੱਕ, ਕੂਹਣੀਆਂ, ਮੋਢੇ, ਪੈਰਾਂ ਦੀਆਂ ਉਂਗਲਾਂ, ਗੋਡੇ ਤੇ ਸਰੀਰ ਦੇ ਸਾਰੇ ਅੰਗ, ਉਸ ਲੱਕੜ ਦੇ ਟੋਟੇ ਉਪਰ ਕੱਟੇ ਪਏ ਸਨ। ਉਸ ਦੇ ਗਿਰਦ ਮਾਨੋਂ ਖੂਨ ਦਾ ਛੱਪੜ ਲੱਗਾ ਹੋਇਆ ਸੀ। ਸਰੀਰ ਦੇ ਨਾਲ ਨਾ ਕੋਈ ਬਾਂਹ ਤੇ ਨਾ ਕੋਈ ਲੱਤ। 'ਮੇਰਾ ਸਿਰ ਜਾਵੇ ਤਾਂ ਜਾਵੇ ਪਰ ਮੇਰੀ ਸਿੱਖੀ ਸਿਦਕ ਨਾ ਜਾਵੇ' ਭਾਈ ਮਨੀ ਸਿੰਘ ਜੀ ਸਿੱਖੀ ਦੀ ਇਸ ਧਾਰਨਾ ਦੀ ਕਸਵੱਟੀ 'ਤੇ ਪੂਰੇ ਉੱਤਰੇ।

ਇਸ ਤਰ੍ਹਾਂ ਲਾਹੌਰ ਦੇ ਨਿਖ਼ਾਸ ਚੌਂਕ 'ਚ ਭਾਈ ਮਨੀ ਸਿੰਘ ਜੀ ਨੂੰ ਉਨ੍ਹਾਂ ਦਾ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ। ਕਈ ਇਤਿਹਾਸਕਾਰ ਇਸ ਸਾਕੇ ਨੂੰ 9 ਜੁਲਾਈ 1737 ਤੇ ਕਈ 14 ਜੂਨ 1738 ਨੂੰ ਹੋਇਆ ਦੱਸਦੇ ਹਨ। ਇਸ ਨਿਖ਼ਾਸ ਚੌਂਕ ਨੂੰ ਅੱਜ ਵੀ 'ਸ਼ਹੀਦਗੰਜ' ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਸੰਨ 1900 'ਚ ਭਾਈ ਮਨੀ ਸਿੰਘ ਜੀ ਦੀ ਯਾਦ 'ਚ ਲੌਂਗੋਵਾਲ ਜ਼ਿਲ੍ਹਾ ਸੰਗਰੂਰ ਦੇ ਨੇੜੇ, ਉਨ੍ਹਾਂ ਦੇ ਪਿੰਡ ਕੰਬੋਵਾਲ 'ਚ ਗੁਰਦੁਆਰਾ ਸਾਹਿਬ ਬਣਾਇਆ ਗਿਆ ਹੈ ਕਿਉਂਕਿ ਇਹ ਪਿੰਡ ਉਨ੍ਹਾਂ ਦਾ ਜੱਦੀ ਪਿੰਡ ਹੈ। ਸੰਨ 1737 'ਚ ਲਾਹੌਰ ਮੁਗਲ ਸਰਕਾਰ ਨੇ ਸਿੱਖਾਂ 'ਤੇ ਪਾਬੰਦੀ ਲਾ ਦਿੱਤੀ ਸੀ ਕਿ ਉਹ ਸ੍ਰੀ ਹਰਿਮੰਦਰ ਸਾਹਿਬ ਵਿਖੇ ਆ ਕੇ ਮੱਥਾ ਨਹੀਂ ਟੇਕ ਸਕਦੇ ਸਨ ਤੇ ਨਾ ਹੀ ਪਵਿੱਤਰ ਸਰੋਵਰ 'ਚ ਇਸ਼ਨਾਨ ਕਰ ਸਕਦੇ ਸਨ। ਜ਼ਕਰੀਆ ਖਾਨ ਦੀ 1745 'ਚ ਮੌਤ ਹੋ ਗਈ ਸੀ। ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਤੋਂ ਬਾਅਦ ਸਿੱਖ ਇਤਿਹਾਸ 'ਚ ਪ੍ਰਸਿੱਧ ਹਸਤੀ ਨਵਾਬ ਕਪੂਰ ਸਿੰਘ 1675 ਤੋਂ 1753 ਜੀ ਹੋਏ ਹਨ।

ਮੈਂ ਸ਼ਹੀਦ ਭਾਈ ਮਨੀ ਸਿੰਘ ਜੀ ਵਰਗੇ ਮਹਾਨ ਯੋਧੇ, ਸਿੱਖ ਚਿੰਤਕ, ਮਹਾਨ ਵਿਦਵਤਾ ਦੇ ਮੁਜੱਸਮੇਂ, ਦੇਸ਼ ਭਗਤ ਤੇ ਸਿੱਖੀ ਸਿਦਕ ਦੇ ਪੂਰੇ ਮਹਾਂਪੁਰਸ਼ ਨੂੰ ਉਹਨਾਂ ਦੀ ਬਰਸੀ 'ਤੇ ਆਪਣੇ ਸ਼ਰਧਾ ਸੁੰਮਨ ਪੇਸ਼ ਕਰਦਾ ਹਾਂ ਤੇ ਅਜਿਹੇ ਮਹਾਨ ਸ਼ਹੀਦ ਨੂੰ ਆਪਣਾ ਸਲਿਊਟ ਮਾਰਦਾ ਹਾਂ। ਉਹ ਨਵੀਂ ਪੀੜ੍ਹੀ ਲਈ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਹਮੇਸ਼ਾ ਪ੍ਰੇਰਨਾ ਸਰੋਤ ਬਣੇ ਰਹਿਣਗੇ। ਮੈਂ ਆਪਣੇ ਇਸ ਹੱਥਲੇ ਲੇਖ ਦੀ ਸਮਾਪਤੀ ਸ਼ਾਹ ਮੁਹੰਮਦ ਜੀ ਦੀਆਂ ਨਿਮਨ-ਲਿਖਤ ਸੱਤਰਾਂ ਨਾਲ ਕਰਦਾ ਹਾਂ:

ਲੱਗੀ ਧਮਕ ਸਾਰੇ ਹਿੰਦੋਸਤਾਨ ਅੰਦਰ,  
ਦਿੱਲੀ, ਆਗਰੇ, ਹਾਂਸੀ, ਹਿਸਾਰ ਮੀਆਂ।  
ਬੀਕਾਨੇਰ, ਲਖਨਊ, ਅਜਮੇਰ, ਜੈਪੁਰ,  
ਪਈਆਂ ਭਾਜੜਾਂ ਜਮਨਾ ਤੋਂ ਪਾਰ ਮੀਆਂ।  
ਚੱਲੀ ਸਭ ਪੰਜਾਬ ਦੀ ਬਾਦਸ਼ਾਹੀ,  
ਨਹੀਂ ਦਲਾਂ ਦਾ ਅੰਤ ਸ਼ੁਮਾਰ ਮੀਆਂ।  
ਸ਼ਾਹ ਮੁਹੰਮਦਾ ਕਿਸੇ ਨਾ ਅਟਕਣਾ ਈ,  
ਸਿੰਘ ਰਹਿਣਗੇ ਦਿੱਲੀ ਨੂੰ ਮਾਰ ਮੀਆਂ।

# Book Launch of 'The Bits and Pieces' – Reminiscences and Reflections of a Novice

The Bits and Pieces – Reminiscences and Reflections of a Novice is a collection of blogs of Ambasador Ramesh Chander from: www.diplomatictitbits.blogspot.in The book was released and launched on June 13, 2019 at Jalandhar by Hon'ble Minister MLA Sushil Rinku in the presence of a galaxy of intellectuals and social personalities of the area including IPS and Retired DGP Malkit Singh, Additional Secretary Ministry of Law and Justice Rajinder Kashyap, Vice President of Punjab BJP Rajesh Bagha among others. The contents of the book are a kaleidoscope of issues of contemporary concern and interest to the society at large. "The Bits and Pieces – Reminiscences and Reflections of a Novice" is a selection of blogs written as off the cuff observations on current matters of concern and interest without any claim of scholarly or intellectual dispensation. It is humbly presented on the happy occasion of completion of 50 years of his marriage with Vidya, a gracious lady. The book observes, discusses and presents prognosis to myriad issues infesting our country and the society at large." It appears that it will be a timely addition to the 'Food for Thought" required by the country and the society to address the challenges of the future. In the Foreword of the book, Ambassador Bal Anand, one of the finest diplomats of India, rightly termed the book as "The Bits and Pieces of Delight and Instruction".



The author of the book, a retired career diplomat, Ambassador Ramesh Chander welcoming the guests said that it would be his endeavor to use his post retirement time to engage himself in social and educational pursuits to pay back to the society in whatever small way it might be possible.



Prof. Jagdish Chander Joshi, one of the renowned academics and intellectuals of the region in his appraisal of the book said that the lofty idea of paying back to the society, as professed by Ambassador Ramesh Chander in the book, was commendable. Referring to the word dalit, he said that, to his mind, it tended to instill a sense of inferiority which was not correct. The icons like Dr. Ambedkar and his followers like Ramesh Chander among others had proved his point by achieving the heights of success and glory by their sheer work and knowledge and proving their mettle.

The Chief Guest MLA Sushil Rinku in his brief remarks congratulated Ambassador Ramesh Chander and expressed confidence that the book will be well received as the contents pertained to the contemporary matters of concern and interest to the society. Prof Balbir Chander, Retired Head of Political Science Department of Doaba College Jalandhar proposed the Vote of Thanks and said that it was a matter of joy and pleasure for all of us to join Ambassador Ramesh Chander on this important day of the second innings of life. Prof. Mahesh Chander performed and delivered well as the Master of Ceremonies of the function.

# ਬੀਬੀ ਮਨਪ੍ਰੀਤ ਕੌਰ ਅਤੇ ਕਾਕਾ ਜਤਿੰਦਰ ਸਿੰਘ ਦਾ ਵਿਆਹ ਸਿੱਖ ਸਮਾਜ ਲਈ ਚੰਗਾ ਸੁਨੇਹਾ

ਅੱਜ ਕੱਲ੍ਹ ਵਿਆਹਾਂ ਉੱਪਰ ਬਹੁਤ ਜ਼ਿਆਦਾ ਖਰਚ ਅਤੇ ਫਜ਼ੂਲ ਦੀਆਂ ਨਵੀਆਂ ਰਸਮਾਂ ਕਰਕੇ ਸਮਾਜ ਅੰਦਰ ਨਵੀਂ ਪਿਰਤ ਪੈ ਚੁੱਕੀ ਹੈ।ਪਰ ਫਿਰ ਵੀ ਸਾਦੇ ਵਿਆਹ ਉਹ ਵੀ ਪੂਰਨ ਗੁਰਮਰਿਆਦਾ ਅਨੁਸਾਰ ਕਰਵਾਉਣ ਵਾਲੇ ਲੜਕੇ ਅਤੇ ਲੜਕੀ ਦਾ ਵਿਆਹ ਵੇਖਣ ਨੂੰ ਮਿਲਦਾ ਹੈ ਤਾਂ ਮਨ ਨੂੰ ਬਹੁਤ ਸਕੂਨ ਮਿਲਦਾ ਹੈ। ਜਿਨ੍ਹਾਂ ਮਾਪਿਆਂ ਨੇ ਸਮਾਜ ਦੇ ਫੋਕੇ ਰੀਤੀ ਰਿਵਾਜ਼ਾਂ ਨੂੰ ਦਰਕਿਨਾਰ ਕਰਕੇ ਆਪਣੇ ਬੱਚਿਆਂ ਨੂੰ ਇਨ੍ਹਾਂ ਸਾਦੇ ਪੂਰਨ ਗੁਰਮਰਿਆਦਾ ਵਾਲੇ ਵਿਆਹਾਂ ਦੀ ਲੜੀ 'ਚ ਪਰੋਇਆ ਹੈ, ਉਹ ਸੱਚਮੁੱਚ ਭਾਗਾਂ ਵਾਲੇ ਹਨ। ਇਸੇ ਤਰ੍ਹਾਂ ਹੀ ਨਾਭਾ ਦੇ ਸਰਦਾਰਨੀ ਨਰਿੰਦਰ ਕੌਰ ਅਤੇ ਸ੍ਰ. ਸੁਭਾਸ਼ ਸਿੰਘ ਦੀ ਸਪੁੱਤਰੀ ਹਰਪ੍ਰੀਤ ਕੌਰ ਦਾ ਵਿਆਹ ਸਮਾਨੇ ਦੇ ਸਰਦਾਰਨੀ ਦਰਸ਼ਨ ਕੌਰ ਅਤੇ ਸ੍ਰ. ਗੁਰਤੇਜ ਸਿੰਘ ਦੇ ਸਪੁੱਤਰ ਜਤਿੰਦਰ ਸਿੰਘ ਨਾਲ ਸਾਦੇ ਅਤੇ ਪੂਰਨ ਸਿੱਖ ਗੁਰਮਰਿਆਦਾ ਨਾਲ ਹੋਈ। ਆਨੰਦ ਕਾਰਜ ਦੀ ਰਸਮ ਗੁਰਦੁਆਰਾ ਸਾਹਿਬ ਘੋੜਿਆਂ ਵਾਲਾ ਨਾਭਾ ਵਿਖੇ ਹੋਈ। ਲਾੜੇ ਅਤੇ ਲਾੜੀ ਨੇ ਗੁਰਸਿੱਖੀ ਸਰੂਪ ਵਾਲਾ ਦਿਲਖਿਚਵਾਂ ਸਾਦਾ ਪਹਿਰਾਵਾ ਪਾਇਆ ਹੋਇਆ ਸੀ। ਅਹਿਮ ਗੱਲ ਇਹ ਹੈ ਕਿ ਲੜਕੇ ਅਤੇ ਲੜਕੀ ਨੇ ਸੰਗੀਤ ਵਿਦਿਆ ਪ੍ਰਾਪਤ ਕੀਤੀ ਹੋਈ ਹੈ ਅਤੇ ਦੋਵਾਂ ਨੂੰ ਕੀਰਤਨ ਕਰਨ ਦੀ ਦਾਤ ਦੀ ਬਖਸ਼ਿਸ਼ ਵੀ ਪ੍ਰਾਪਤ ਹੈ।ਦਰਬਾਰ ਸਾਹਿਬ ਸ਼੍ਰੀ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਸਤਿੰਦਰਪਾਲ ਸਿੰਘ ਦੇ ਜੱਥੇ ਨੇ ਆਨੰਦ ਕਾਰਜ ਦੀ ਰਸਮ ਸਮੇਂ ਰਸਭਿੰਨਾ ਕੀਰਤਨ ਕਰਕੇ ਹਾਜ਼ਰੀ ਲਵਾਈ। ਸੁਭਾਗੀ ਜੋੜੀ ਨੂੰ ਨਾਮਵਰ ਸਖਸ਼ੀਅਤਾਂ ਅਤੇ ਰਿਸਤੇਦਾਰਾਂ, ਸੁਨੇਹੀਆਂ ਵਲੋਂ ਵਧਾਈਆਂ ਅਤੇ ਆਸ਼ੀਰਵਾਦ ਦਿੱਤਾ ਗਿਆ। ਇਸ ਸਮੇਂ ਵਿਲ-ਖਣਤਾ ਵਾਲੀ ਗੱਲ ਇਹ ਸੀ ਕਿ ਅੱਜਕੱਲ੍ਹ ਦੇ ਵਿਆਹਾਂ ਵਾਲੀ ਚਮਕ ਦਮਕ ਕਿਤੇ ਦਿਖਾਈ ਨਹੀਂ ਦਿੱਤੀ। ਫਾਲਤੂ ਦੀਆਂ ਰਸਮਾਂ ਨੂੰ ਤਿਲਾਂਜਲੀ ਦੇ ਕੇ ਦੋਨਾਂ ਪਰਿਵਾਰਾਂ ਨੇ ਨਵੀਂ ਪਿਰਤ ਪਾ ਕੇ ਸਮਾਜ ਲਈ ਚੰਗਾ ਸੁਨੇਹਾ ਦਿੱਤਾ ਹੈ।ਇਸ ਤਰ੍ਹਾਂ ਜਿਥੇ ਪੈਸੇ ਦੀ ਫਜ਼ੂਲ ਬਰਬਾਦੀ ਤੋਂ ਬਚਾਅ ਹੁੰਦਾ ਹੈ ਉਥੇ ਹੀ ਸਾਡੇ ਬੱਚਿਆਂ ਨੂੰ ਵਿਆਹਾਂ ਅੰਦਰ ਕਈ ਕੁਝ ਦੇ ਨਾਂ ਤੇ ਪਰੋਸੀ ਜਾਂਦੀ ਲੱਚਰਤਾ ਤੋਂ ਵੀ ਨਿਜਾਤ ਮਿਲੇਗੀ। ਸਿੱਖ ਸਮਾਜ ਨੂੰ ਗੁਰੂ ਸਾਹਿਬਾਨ ਵਲੋਂ ਦਰਸਾਏ ਮਾਰਗ ਅਨੁਸਾਰ ਵਿਆਹ ਕਰਨਾ ਸਮੇਂ ਦੀ ਮੰਗ ਬਣਦੀ ਜਾ ਰਹੀ ਹੈ। ਸਾਨੂੰ ਇਹੋ ਜਿਹੇ ਪਰਿਵਾਰਾਂ ਦੀ ਸੋਚ ਤੋਂ ਸੇਧ ਲੈਣੀ ਚਾਹੀਦੀ ਹੈ। ਬੱਚਿਆਂ ਦੇ ਮਨਾਂ ਅੰਦਰ ਸ਼ੁਰੂ ਤੋਂ ਹੀ ਸਾਦੇ ਵਿਆਹਾਂ ਦੀ ਸੋਚ ਨੂੰ ਪਰੋਣਾ ਚਾਹੀਦਾ ਹੈ। ਵਾਹਿਗੁਰੂ ਜੀ ਇਸ ਸੁਭਾਗੀ ਜੋੜੀ ਨੂੰ ਹਮੇਸ਼ਾਂ ਚੜ੍ਹਦੀਕਲਾ ਬਖਸ਼ਣ।



**– ਮੇਜਰ ਸਿੰਘ ਨਾਭਾ**





# ਤੰਦਾਂ ਨੂੰ ਜੋੜਨ ਦੀ ਜ਼ਰੂਰਤ

ਅੰਗ-ਸੰਗ



ਸ਼ਾਮ ਸਿੰਘ
98141-13338

**ਸਰਦਾਰ ਪਟੇਲ ਦੀ ਉਚਾਈ ਦੱਸਣ ਲਈ ਕਿਸੇ ਹੋਰ ਨੇਤਾ ਨੂੰ ਨਿੰਦਣ ਦੀ ਜ਼ਰੂਰਤ ਨਹੀਂ। ਹਰ ਨੇਤਾ ਦੀ ਆਪੋ-ਆਪਣੇ ਸਮੇਂ ਵਿੱਚ ਅਹਿਮ ਭੂਮਿਕਾ ਹੈ, ਜਿਸ ਨੂੰ ਸਹੀ ਤਰ੍ਹਾਂ ਦੇਖਣ ਲਈ ਸਾਫ਼ ਨਜ਼ਰ ਦੀ ਲੋੜ ਵੀ ਹੈ, ਨਿਰਪੱਖ ਨਜ਼ਰ ਦੀ ਵੀ। ਕਿਸੇ ਵੀ ਨੇਤਾ ਦਾ ਉੱਚਾ ਬੁੱਤ ਬਣਾ ਕੇ ਉਸ ਦੇ ਕੱਦ ਨੂੰ ਵਧਾਇਆ ਨਹੀਂ ਜਾ ਸਕਦਾ। ਚੰਗੇ ਕੀਤੇ ਕੰਮਾਂ ਕਰਕੇ ਜਿਹੜੇ ਜਿਹੜੇ ਨੇਤਾ ਲੋਕਾਂ ਦੇ ਦਿਲਾਂ ਵਿੱਚ ਵਸਦੇ ਹਨ, ਉਨ੍ਹਾਂ ਨੂੰ ਉੱਥੋਂ ਕੱਢਿਆ ਨਹੀਂ ਜਾ ਸਕਦਾ, ਨਾ ਕੱਢੀਏ ਤਾਂ ਹੀ ਚੰਗਾ। ਸਰਦਾਰ ਪਟੇਲ ਦਾ ਜ਼ਿਕਰ ਇਸ ਕਰਕੇ ਅਹਿਮ ਹੈ ਕਿ ਉਸ ਨੇ ਜੋ ਭਾਰਤੀ ਏਕਤਾ ਲਈ ਕਾਰਜ ਕੀਤਾ ਉਸ ਦੀ ਹੋਰ ਕੋਈ ਮਿਸਾਲ ਨਹੀਂ। ਉਸ ਨੇ ਕੇਵਲ ਦੋ ਮਹੀਨੇ ਵਿੱਚ ਭਾਰਤ ਦੀਆਂ 562 ਰਿਆਸਤਾਂ ਦੇ ਰਾਜਿਆਂ ਨੂੰ ਭਾਰਤ ਵਿੱਚ ਮਿਲਣ ਲਈ ਮਨਾ ਲਿਆ। ਇਹ ਬਹੁਤ ਵੱਡਾ ਕੰਮ ਹੈ, ਜੋ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਅੰਕਤ ਹੈ, ਜਿਸ ਕਰਕੇ ਸਰਦਾਰ ਪਟੇਲ ਦਾ ਕੱਦ ਅੱਜ ਦੇ ਬੁੱਤ ਨਾਲੋਂ ਕਿਤੇ ਉਚੇਰਾ ਵੀ ਹੈ ਅਤੇ ਕਿਤੇ ਅਹਿਮ ਵੀ।**

ਦੇਰ ਪਹਿਲਾਂ ਮਨੁੱਖਾਂ ਨੇ ਸਿਰ ਜੋੜ ਕੇ ਸਮਾਜ ਬਣਾਇਆ ਤਾਂ ਜੋ ਮਿਲ-ਜੁਲ ਕੇ ਰਿਹਾ ਜਾ ਸਕੇ, ਸੱਭਿਅਕ ਰਾਹ ਅਪਣਾ ਕੇ ਵਿਕਾਸ ਵੱਲ ਕਦਮ ਪੁੱਟੇ ਜਾ ਸਕਣ। ਸਮਾਜ ਵਿੱਚ ਜਿੰਨੀ ਤਰੱਕੀ ਹੁਣ ਤੱਕ ਹੋਈ ਹੈ, ਉਹ ਸਾਂਝੇ ਹੱਥਾਂ ਦਾ ਸਿੱਟਾ ਵੀ ਹੈ ਅਤੇ ਭਰਵੇਂ ਯਤਨਾਂ ਦਾ ਵੀ। ਬੜੇ ਹੀ ਯਤਨਾਂ ਨਾਲ ਮਨੁੱਖਾਂ ਵਿੱਚੋਂ ਦੂਰੀ ਖ਼ਤਮ ਹੋਈ ਅਤੇ ਵਕਤਾਂ ਨੇ ਗਲਵੱਕੜੀ ਪੁਆ ਦਿੱਤੀ। ਅਜਿਹਾ ਪ੍ਰੇਮ ਅਤੇ ਸਿਆਣਪ ਨਾਲ ਹੀ ਹੋ ਸਕਿਆ, ਜਿਨ੍ਹਾਂ ਕਰਕੇ ਲੋਕਾਂ ਵਿੱਚ ਖੁਸ਼ਹਾਲੀ ਵੀ ਆਈ, ਖੁਸ਼ੀ ਵੀ। ਅਜਿਹਾ ਕੁਝ ਇਕਦਮ ਨਹੀਂ ਹੋਇਆ, ਸਗੋਂ ਸੈਂਕੜੇ ਵਰ੍ਹੇ ਲੱਗ ਗਏ ਤਾਂ ਹੀ ਸਮਾਜਿਕ ਤੰਦਾਂ ਜੁੜੀਆਂ।

ਅਮਨ-ਅਮਾਨ ਅਤੇ ਸਹਿਜ ਨਾਲ ਜ਼ਿੰਦਗੀ ਜੀਊਣ ਲਈ ਮਨੁੱਖੀ ਤੰਦਾਂ ਜੋੜਨ ਦੀ ਜ਼ਰੂਰਤ ਹੈ ਤਾਂ ਕਿ ਨਜ਼ਦੀਕੀਆਂ ਵਧ ਸਕਣ, ਜਿਨ੍ਹਾਂ ਨਾਲ ਮਿਲਵੇਂ ਯਤਨਾਂ ਵੱਲ ਵਧਿਆ ਜਾ ਸਕੇ। ਮਿਲਵੇਂ ਯਤਨਾਂ ਅਤੇ ਇੱਕ-ਦੂਜੇ ਦੀ ਹੱਲਾਸ਼ੇਰੀ ਬਗੈਰ ਅੱਗੇ ਨਹੀਂ ਵਧਿਆ ਜਾ ਸਕਦਾ, ਉੱਚੇ ਸੁਫ਼ਨੇ ਨਹੀਂ ਲਏ ਜਾ ਸਕਦੇ ਅਤੇ ਨਾ ਹੀ ਛੋਹੀਆਂ ਜਾ ਸਕਦੀਆਂ ਹਨ ਸਿਖਰਾਂ। ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਬਿਨਾਂ ਤਰੱਕੀ ਦੇ ਐਲਾਨ ਫੋਕੇ ਅਤੇ ਫਿੱਕੇ ਹਨ, ਜੋ ਕਿਸੇ ਤਰ੍ਹਾਂ ਵੀ ਨਹੀਂ ਹੋਣੇ ਚਾਹੀਦੇ।

ਸਦੀਆਂ ਤੋਂ ਮਨੁੱਖੀ ਯਤਨਾਂ ਦੀ ਮਿਹਨਤ ਅਤੇ ਕਮਾਈ ਨਾਲ ਪੈਦਾ ਕੀਤੇ ਭਾਈਚਾਰੇ ਵਿੱਚ ਹੋਰ ਪ੍ਰੇਮ-ਭਾਵ ਅਤੇ ਨੇੜਤਾ ਪੈਦਾ ਕਰਨ ਦੀ ਜ਼ਰੂਰਤ ਹੈ, ਜਿਸ ਵਿੱਚ ਤਰੇੜਾਂ ਪੈਦਾ ਕਰਨ ਦੀਆਂ ਚਾਲਾਂ ਕਿਸੇ ਤਰ੍ਹਾਂ ਵੀ ਠੀਕ ਨਹੀਂ। ਕੁਝ ਸਮੇਂ ਤੋਂ ਮਨੁੱਖੀ ਭਾਈਚਾਰੇ ਵਿੱਚ ਨਫ਼ਰਤ ਫੈਲਾਈ ਜਾ ਰਹੀ ਹੈ, ਹਵਾ ਵਿੱਚ ਜ਼ਹਿਰ ਘੋਲੀ ਜਾ ਰਹੀ ਹੈ, ਜਿਹੜੀਆਂ ਘਾਤਕ ਨਤੀਜੇ ਪੈਦਾ ਕਰਨਗੀਆਂ।

ਮਨੁੱਖ ਆਪਣੇ ਆਪ ਤੋਂ ਟੁੱਟ ਕੇ ਨਾਲ ਦੇ ਮਨੁੱਖ ਨਾਲੋਂ ਟੁੱਟੇਗਾ, ਜਿਸ ਕਾਰਨ ਸਾਂਝੀ ਵਿਰਾਸਤ ਭੁਰ ਅਤੇ ਖੁਰ ਜਾਵੇਗੀ। ਅਜਿਹੇ ਕੁਝ ਨੂੰ ਰੋਕਣਾ ਹਕੂਮਤ ਦਾ ਕੰਮ ਹੈ, ਰਹਿਬਰਾਂ ਦਾ ਵੀ।

ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਨੇਤਾਵਾਂ ਨੂੰ ਜਾਗ ਕੇ ਸਮਾਜਿਕ ਵਿਵਸਥਾ ਦਾ ਅਧਿਐਨ ਕਰਦੇ ਰਹਿਣਾ ਚਾਹੀਦਾ ਹੈ ਤਾਂ ਕਿ ਜਿੱਥੇ ਜ਼ਰੂਰਤ ਹੋਵੇ, ਸ਼ੁਰੂ ਵਿੱਚ ਹੀ ਪੈਦਾ ਹੋ ਰਹੀਆਂ ਤਰੇੜਾਂ ਨੂੰ ਪੂਰਿਆਂ ਕਰਨ ਵੱਲ ਵਧਿਆ, ਤੁਰਿਆ ਜਾ ਸਕੇ। ਇੱਕ-ਦੂਜੇ ਤੋਂ ਅੱਗੇ ਲੰਘਣ ਲਈ ਇੱਕ-ਦੂਜੇ ਨੂੰ ਮਧੋਲ ਕੇ ਨਹੀਂ, ਸਗੋਂ ਪ੍ਰੇਮ ਨਾਲ ਅੱਗੇ ਵਧਿਆ ਜਾਵੇ ਤਾਂ ਕਿ ਕਿਸੇ ਦਾ ਨੁਕਸਾਨ ਨਾ ਹੋਵੇ। ਇਹ ਭਾਵਨਾ ਭਾਰਤੀ ਵਿਰਾਸਤ ਦਾ ਅਹਿਮ ਹਿੱਸਾ ਹੈ, ਜਿਸ ਨੂੰ ਹਰ ਕੀਮਤ ਉੱਤੇ ਕਾਇਮ ਰੱਖਿਆ ਜਾਵੇ।

ਉਨ੍ਹਾਂ ਲੋਕਾਂ ਤੋਂ ਦੂਰ ਰਹਿਣ ਦੀ ਲੋੜ ਹੈ, ਜਿਹੜੇ ਵੰਡੀਆਂ ਪਾਉਣ ਦੇ ਆਹਰ ਵਿੱਚ ਲੱਗੇ ਹੋਏ ਹੋਣ। ਵਿਰਾਸਤ 'ਤੇ ਲੀਕ ਫੇਰਨਾ ਆਸਾਨ ਨਹੀਂ, ਪਰ ਬਹੁਤ ਸਾਰੇ ਸਵਾਲ ਖੜ੍ਹੇ ਕਰਨ ਵਿੱਚ ਲੱਗੇ ਹੋਏ ਹਨ ਕਿ ਅੱਜ ਤੱਕ ਕੀ ਹੋਇਆ? ਅੱਖਾਂ ਖੋਲ੍ਹ ਕੇ ਦੇਖਣ ਵਾਲੇ ਅਜਿਹੇ ਸਵਾਲ ਨਹੀਂ ਕਰਦੇ, ਕੇਵਲ ਓਹੀ ਕਰਦੇ ਹਨ ਜਿਹੜੇ ਆਪਣੀ ਹਉਮੈ ਦੇ ਉਡਣ-ਖਟੋਲੇ ਤੋਂ ਹੇਠਾਂ ਨਹੀਂ ਉੱਤਰਦੇ।

ਏਸੇ ਤਰ੍ਹਾਂ ਦੂਜੇ ਨੂੰ ਨੀਵਾਂ ਦਿਖਾਉਣ ਲਈ ਵੀ ਯਤਨ ਕੀਤੇ ਜਾਂਦੇ ਹਨ, ਜੋ ਠੀਕ ਨਹੀਂ। ਆਪਣੇ-ਆਪ ਨੂੰ ਵੱਡੀ ਲਕੀਰ ਵਾਹ ਕੇ ਹੀ ਉੱਚਾ ਕਰੀਏ।

ਸਰਦਾਰ ਪਟੇਲ ਦੀ ਉਚਾਈ ਦੱਸਣ ਲਈ ਕਿਸੇ ਹੋਰ ਨੇਤਾ ਨੂੰ ਨਿੰਦਣ ਦੀ ਜ਼ਰੂਰਤ ਨਹੀਂ। ਹਰ ਨੇਤਾ ਦੀ ਆਪੋ-ਆਪਣੇ ਸਮੇਂ ਵਿੱਚ ਅਹਿਮ ਭੂਮਿਕਾ ਹੈ, ਜਿਸ ਨੂੰ ਸਹੀ ਤਰ੍ਹਾਂ ਦੇਖਣ ਲਈ ਸਾਫ਼ ਨਜ਼ਰ ਦੀ ਲੋੜ ਵੀ ਹੈ, ਨਿਰਪੱਖ ਨਜ਼ਰ ਦੀ ਵੀ। ਕਿਸੇ ਵੀ ਨੇਤਾ ਦਾ ਉੱਚਾ ਬੁੱਤ ਬਣਾ ਕੇ ਉਸ ਦੇ ਕੱਦ ਨੂੰ ਵਧਾਇਆ ਨਹੀਂ ਜਾ ਸਕਦਾ। ਚੰਗੇ ਕੀਤੇ ਕੰਮਾਂ ਕਰਕੇ ਜਿਹੜੇ ਜਿਹੜੇ ਨੇਤਾ ਲੋਕਾਂ ਦੇ ਦਿਲਾਂ ਵਿੱਚ ਵਸਦੇ ਹਨ, ਉਨ੍ਹਾਂ ਨੂੰ ਉੱਥੋਂ ਕੱਢਿਆ ਨਹੀਂ ਜਾ ਸਕਦਾ, ਨਾ ਕੱਢੀਏ ਤਾਂ ਹੀ ਚੰਗਾ।

ਸਰਦਾਰ ਪਟੇਲ ਦਾ ਜ਼ਿਕਰ ਇਸ ਕਰਕੇ ਅਹਿਮ ਹੈ ਕਿ ਉਸ ਨੇ ਜੋ ਭਾਰਤੀ ਏਕਤਾ ਲਈ ਕਾਰਜ ਕੀਤਾ ਉਸ ਦੀ ਹੋਰ ਕੋਈ ਮਿਸਾਲ ਨਹੀਂ। ਉਸ ਨੇ ਕੇਵਲ ਦੋ ਮਹੀਨੇ ਵਿੱਚ ਭਾਰਤ ਦੀਆਂ 562 ਰਿਆਸਤਾਂ ਦੇ ਰਾਜਿਆਂ ਨੂੰ ਭਾਰਤ ਵਿੱਚ ਮਿਲਣ ਲਈ ਮਨਾ ਲਿਆ। ਇਹ ਬਹੁਤ ਵੱਡਾ ਕੰਮ ਹੈ, ਜੋ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਅੰਕਤ ਹੈ, ਜਿਸ ਕਰਕੇ ਸਰਦਾਰ ਪਟੇਲ ਦਾ ਕੱਦ ਅੱਜ ਦੇ ਬੁੱਤ ਨਾਲੋਂ ਕਿਤੇ ਉਚੇਰਾ ਵੀ ਹੈ ਅਤੇ ਕਿਤੇ ਅਹਿਮ ਵੀ। ਉਸ ਨੇ ਜਿਹੜਾ ਲੋਕਾਂ ਨੂੰ ਜੋੜਨ ਦਾ ਕੰਮ ਕੀਤਾ ਅੱਜ ਦੇ ਰਹਿਬਰ ਉਸ ਨੂੰ ਅੱਗੇ ਤੋਰਨ ਤਾਂ ਜੋ ਭਾਰਤ ਦੀ ਏਕਤਾ ਦੁਨੀਆ 'ਚ ਮਿਸਾਲ ਬਣ ਸਕੇ।

ਭਾਰਤ ਨੂੰ ਧਰਮ ਵੰਡ ਰਹੇ ਹਨ, ਜਾਤ-ਪਾਤ ਵੰਡ ਰਹੀ ਹੈ ਅਤੇ ਸਿਆਸਤ ਵੀ ਲੋਕਾਂ ਵਿੱਚ ਫੁੱਟ ਪੈਦਾ ਕਰਨ ਤੋਂ ਪਿੱਛੇ ਨਹੀਂ, ਇਸ ਲਈ ਜ਼ਰੂਰੀ ਹੈ ਕਿ ਭਾਰਤ ਦੇ ਭਾਈਚਾਰਕ ਸਮਾਜ ਨੂੰ ਜੋੜਨ ਦਾ ਕਾਰਜ ਮਜ਼ਬੂਤੀ ਨਾਲ ਅੱਗੇ ਵਧਾਇਆ ਜਾਵੇ ਤਾਂ ਕਿ ਅੱਜ ਫੈਲਾਈ ਜਾ ਰਹੀ ਨਫ਼ਰਤ ਨੂੰ ਮਾਤ ਦਿੱਤੀ ਜਾ ਸਕੇ। ਸਮਾਜ ਵਿੱਚ ਜਿੰਨਾ ਏਕਾ ਹੋਵੇਗਾ, ਤਰੱਕੀ ਓਨੀ ਹੀ ਵੱਧ ਹੋ ਸਕੇਗੀ। ਇਸ ਲਈ ਵੰਡ-ਪਾਊ ਤਾਕਤਾਂ ਨੂੰ ਮੂੰਹ ਨਾ ਲਾਇਆ ਜਾਵੇ। ਬਸ ਤੰਦਾਂ ਨੂੰ ਜੋੜਨ ਦੀ ਜ਼ਰੂਰਤ ਹੈ, ਤੋੜਨ ਦੀ ਨਹੀਂ।

ਹਾਕਮਾਂ ਅਤੇ ਵੱਖ-ਵੱਖ ਖੇਤਰਾਂ ਦੇ ਰਹਿਬਰਾਂ ਦੀ ਇੱਜ਼ਤ ਅਤੇ ਜੈ ਜੈ ਕਾਰ ਤਾਂ ਹੀ ਹੋਵੇਗੀ ਜੇ ਉਹ ਸਮਾਜ ਨੂੰ ਅੱਗੇ ਲਿਜਾਣ ਲਈ ਹਾਂ-ਵਾਚਕ ਭੂਮਿਕਾ ਅਦਾ ਕਰਨਗੇ ਕਿਉਂਕਿ ਨਾਂਹ-ਵਾਚਕ ਕਾਰਜ ਕਦੇ ਵੀ ਕਿਸੇ ਦਾ ਕੁਝ ਨਹੀਂ ਸੰਵਾਰ ਸਕਦੇ। ਜਿਵੇਂ ਵੀ ਹੋਵੇ ਸੋਚ ਵਿਚਾਰ ਨਾਲ ਸਮਾਜ ਵਿਚਲੇ ਟੋਏ-ਟਿੱਬੇ ਬਰਾਬਰ ਕਰਨ ਲਈ ਯਤਨ ਕੀਤੇ ਜਾਣ ਤਾਂ ਕਿ ਪਾੜੇ/ ਦੂਰੀਆਂ ਮਿਟ ਸਕਣ। ਹਰ ਕੋਈ ਬਰਾਬਰੀ ਦਾ ਅਹਿਸਾਸ ਮਾਣ ਸਕੇ ਅਤੇ ਮੁਲਕ ਉੱਤੇ ਮਾਣ ਕਰ ਸਕੇ ਕਿ ਇਸ ਵਰਗੀ ਵਿਰਾਸਤ ਦਾ ਹੋਰ ਕੋਈ ਵੀ ਮੁਲਕ ਮਾਲਕ ਨਹੀਂ। ਜੇ ਅਜਿਹਾ ਹੋਵੇ ਤਾਂ ਦੇਸ਼ ਭਗਤੀ ਆਪੇ ਪੈਦਾ ਹੋਵੇਗੀ।

ਧੱਕੇ ਨਾਲ ਨਾਅਰੇ ਲੁਆਉਣੇ ਠੀਕ ਨਹੀਂ, ਕਿਉਂਕਿ ਜਬਰ ਨੂੰ ਕੋਈ ਵੀ ਨਹੀਂ ਸਹਾਰਦਾ। ਦੂਜਾ ਬੰਦਿਆਂ ਨਾਲ ਪਸ਼ੂਆਂ ਵਰਗਾ ਵਿਵਹਾਰ ਕਰਨਾ ਕਿਸੇ ਵੀ ਸਮਾਜ ਦਾ ਹਿੱਸਾ ਨਹੀਂ ਹੋਣਾ ਚਾਹੀਦਾ। ਪਸ਼ੂਆਂ ਦੇ ਸਵਾਲ 'ਤੇ ਬੰਦਿਆਂ ਦੀ ਹੱਤਿਆ ਕਿੱਧਰਲਾ ਵਰਤਾਰਾ ਹੈ ਅਤੇ ਕਿੱਧਰਲਾ ਕਾਨੂੰਨ? ਇੱਕੀਵੀਂ ਸਦੀ ਚੱਲ ਰਹੀ ਹੈ, ਜਿਸ ਵਿੱਚ ਹਰ ਬੰਦੇ ਨੂੰ ਇਸ ਦੀ ਅਕਲ ਦੇ ਹਾਣ ਦਾ ਹੋਣਾ ਚਾਹੀਦਾ ਹੈ ਤਾਂ ਜੋ ਜੁੜ ਕੇ ਦੂਜੇ ਦੇਸਾਂ ਤੋਂ ਅੱਗੇ ਲੰਘ ਸਕੀਏ।

### ਭ੍ਰਿਸ਼ਟਾਚਾਰ ਤੋਂ ਮੁਕਤੀ

ਅੱਜ ਤੱਕ ਨਹੀਂ ਹੋ ਸਕੀ ਭ੍ਰਿਸ਼ਟਾਚਾਰ ਤੋਂ ਮੁਕਤੀ। ਕਮਾਲ ਉਦੋਂ ਹੁੰਦੀ ਹੈ ਅਤੇ ਹੈਰਾਨੀ ਵੀ, ਜਦ ਡੇਢ ਦੋ ਲੱਖ ਮਹੀਨੇ ਦੀ ਤਨਖ਼ਾਹ ਹਾਸਲ ਕਰਨ ਵਾਲੇ ਅਧਿਕਾਰੀ ਰਿਸ਼ਵਤ ਲੈਂਦੇ ਫੜੇ ਗਏ। ਅਜਿਹੇ ਲੋਕਾਂ ਦੀ ਭੁੱਖ ਦੀ ਤ੍ਰਿਪਤੀ ਕਦ ਹੋਵੇਗੀ, ਇਸ ਬਾਰੇ ਪਤਾ ਕਰਨ ਲਈ ਨਾ ਕੋਈ ਥਰਮਾਮੀਟਰ ਬਣਿਆ ਹੈ ਨਾ ਹੀ ਕੋਈ ਬੈਰੋਮੀਟਰ। ਹਕੂਮਤ ਭ੍ਰਿਸ਼ਟਾਚਾਰ-ਮੁਕਤੀ ਦਾ ਵਾਅਦਾ ਕਰਕੇ ਸੱਤਾ ਹਾਸਲ ਕਰਦੀ ਹੈ, ਪਰ ਭ੍ਰਿਸ਼ਟਾਚਾਰ ਖ਼ਤਮ ਨਹੀਂ ਹੁੰਦਾ, ਭ੍ਰਿਸ਼ਟਾਚਾਰੀ ਵੀ ਨਹੀਂ ਮੁੱਕਦੇ। ਜ਼ਰੂਰੀ ਹੈ ਕਿ ਸਰਕਾਰ ਭ੍ਰਿਸ਼ਟਾਚਾਰੀਆਂ ਨੂੰ ਨੌਕਰੀਉਂ ਕੱਢੇ, ਸਖ਼ਤ ਤੋਂ ਸਖ਼ਤ ਸਜ਼ਾ ਵੀ ਦੇਵੇ ਤਾਂ ਕਿ ਦੂਜੇ ਅਧਿਕਾਰੀ ਡਰ ਦੇ ਮਾਰੇ ਸੋਚ ਤਕ ਨਾ ਸਕਣ ਰਿਸ਼ਵਤ ਲੈਣ ਬਾਰੇ ਅਜਿਹਾ ਡਰ ਜੇ ਪੈਦਾ ਕਰ ਦਿੱਤਾ ਜਾਵੇ ਤਾਂ ਭ੍ਰਿਸ਼ਟਾਚਾਰ ਤੋਂ ਖ਼ਤਮ ਹੋ ਸਕਦਾ ਹੈ ਕਿਉਂਕਿ ਭ੍ਰਿਸ਼ਟਾਚਾਰੀ ਰਿਸ਼ਵਤ ਲੈਣ ਤੋਂ ਹਰ ਸੂਰਤ ਤੌਬਾ ਕਰ ਲੈਣਗੇ। ਭ੍ਰਿਸ਼ਟਾਚਾਰੀਆਂ ਨੂੰ ਬੇਨਤੀ ਹੈ ਕਿ ਜੇ ਉਹ ਤਨਖ਼ਾਹ ਨਾਲ ਨਹੀਂ ਰੱਜਦੇ ਤਾਂ ਰਿਸ਼ਵਤ ਨਾਲ ਵੀ ਨਹੀਂ ਰੱਜਣਗੇ।

### ਲਤੀਫ਼ੇ ਦਾ ਚਿਹਰਾ-ਮੋਹਰਾ

ਸ਼ਾਮੂ -ਇਹ ਦੱਸੋ ਕਿ ਆਦਮੀ ਦੇ ਬੱਚੇ ਅਤੇ ਜਾਨਵਰ ਦੇ ਬੱਚੇ ਵਿੱਚ ਕੀ ਫ਼ਰਕ ਹੈ।

ਰਾਮੂ- ਸਿੱਧੀ ਜਿਹੀ ਗੱਲ ਹੈ ਬਾਂਦਰ ਦਾ ਬੱਚਾ ਬਾਂਦਰ, ਉੱਲੂ ਦਾ ਬੱਚਾ ਉੱਲੂ ਅਤੇ ਗਧੇ ਦਾ ਬੱਚਾ ਗਧਾ ਹੀ ਰਹਿੰਦੇ ਹਨ, ਪਰ ਆਦਮੀ ਦਾ ਬੱਚਾ ਬਾਂਦਰ, ਉੱਲੂ ਅਤੇ ਗਧਾ ਵੀ ਬਣ ਸਕਦਾ ਹੈ।

-0-

ਲੱਲੂ - ਪਾਪਾ ਮੇਰੀ ਮੈਡਮ ਰੋਜ਼ ਮਾਰਕੁੱਟ ਕਰਦੀ ਹੈ।

ਪਾਪਾ - ਤੂੰ ਡਰ ਮਤ ਪੁੱਤਰ, ਐਵੇਂ ਨਹੀਂ ਤੂੰ ਸ਼ੇਰ ਪੁੱਤ ਹੈਂ।

ਲੱਲੂ - ਹਾਂ ਪਾਪਾ ਤਾਂ ਹੀ ਮੈਡਮ ਰੋਜ਼ ਨਾਲ ਇਹ ਵੀ ਆਖਦੀ ਹੈ ਕਿ ਪਤਾ ਨਹੀਂ ਕਿਸ ਜਾਨਵਰ ਦਾ ਬੱਚਾ ਹੈ, ਕੁਝ ਸਮਝਦਾ ਹੀ ਨਹੀਂ।

# ਭਾਰਤ ਦਾ ਸੰਕਲਪ ਕਿਵੇਂ ਉਭਰਿਆ?



ਇਰਫਾਨ ਹਬੀਬ

ਆਮ ਕਿਹਾ ਜਾਂਦਾ ਹੈ ਕਿ ਭਾਰਤ ਦਾ ਸੰਕਲਪ ਲਗਾਤਾਰ ਵਿਕਾਸ ਕਰ ਰਿਹਾ ਹੈ। ਇਸ ਦੇ ਮੱਦੇਨਜ਼ਰ ਮੈਂ ਇਹ ਵਿਚਾਰ ਕਰਨ ਦਾ ਸੋਚਿਆ ਹੈ ਕਿ ਭਾਰਤ ਦਾ ਸੰਕਲਪ ਕਿਵੇਂ ਉਭਰਿਆ, ਇਹ ਕਿਵੇਂ ਵਿਕਸਤ ਹੋਇਆ ਅਤੇ ਕਿਵੇਂ ਭਾਰਤ ਇਕ ਰਾਸ਼ਟਰ ਬਣਿਆ? ਇਹ ਵੀ ਕਿ ਅਜੋਕੇ ਸਮੇਂ ਉਹ ਕਿਹੜੇ ਖਤਰੇ ਹਨ, ਜੋ ਰਾਸ਼ਟਰ ਲਈ ਚੁਣੌਤੀ ਬਣੇ ਹੋਏ ਹਨ? ਇਸ ਵਕਤ ਅਸੀਂ ਆਪਣੇ ਇਤਿਹਾਸ ਦੇ ਬੜੇ ਉਦਾਸ ਸਮੇਂ ਵਿਚ ਹਾਂ। ਦਾਭੋਲਕਰ, ਪਾਨਸਰੇ ਅਤੇ ਕਲਬੁਰਗੀ ਵਰਗੇ ਤਰਕਵਾਦੀਆਂ (ਵਿਗਿਆਨ ਵਿਚ ਯਕੀਨ ਰੱਖਣ ਵਾਲੇ ਲੋਕ) ਨੂੰ ਮਾਰਿਆ ਗਿਆ। ਗਊ ਰੱਖਿਆ ਦੇ ਨਾਂ 'ਤੇ ਮੁਹੰਮਦ ਅਖਲਾਕ ਦਾ ਕਤਲ ਹੋਇਆ। ਇਸ ਤਰ੍ਹਾਂ ਸਾਡੇ ਦੇਸ਼ ਦਾ ਨਾਂ ਇਕ ਤਰ੍ਹਾਂ ਨਾਲ ਚਿੱਕੜ ਵਿਚ ਘਸੀਟਿਆ ਗਿਆ, ਇਸ ਕਰਕੇ ਸਾਡੇ ਸਾਰਿਆਂ ਲਈ ਇਹ ਵਿਚਾਰ ਕਰਨ ਦਾ ਸਮਾਂ ਹੈ ਕਿ ਆਖਿਰ ਸਾਡੇ ਦੇਸ਼ ਦਾ ਕੀ ਕਾਜ ਹੈ ਅਤੇ ਇਸ ਨੂੰ ਬਿਹਤਰ ਢੰਗ ਨਾਲ ਕਿਵੇਂ ਸਿਰੇ ਚਾੜ੍ਹਿਆ ਜਾ ਸਕਦਾ ਹੈ।

ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਇਹ ਗੱਲ ਸਵੀਕਾਰ ਕਰਨ ਦੀ ਥਾਂ ਕਿ ਭਾਰਤ ਨੂੰ ਇਕ ਰਾਸ਼ਟਰ ਬਣਿਆ ਅਜੇ ਤੁਲਨਾਤਮਕ ਤੌਰ 'ਤੇ ਬਹੁਤਾ ਸਮਾਂ ਨਹੀਂ ਹੋਇਆ, ਸਾਡੇ ਭਾਜਪਾ ਵਿਚਲੇ ਮਿੱਤਰ ਅਤੇ ਉਹਨਾਂ ਦੇ ਆਰ. ਐਸ. ਐਸ. ਵਾਲੇ ਸਰਪ੍ਰਸਤ ਅਕਸਰ ਇਹ ਕਹਿੰਦੇ ਰਹਿੰਦੇ ਹਨ ਕਿ ਭਾਰਤ ਰਿਗਵੈਦਿਕ ਕਾਲ ਤੋਂ ਹੀ ਇਕ ਰਾਸ਼ਟਰ ਸੀ। ਪਰ ਤੱਥ ਇਹ ਹੈ ਕਿ ਨਾ ਤਾਂ ਰਿਗਵੇਦ ਵਿਚ, ਨਾ ਹੀ ਦੂਜੇ ਤਿੰਨ ਵੇਦਾਂ ਵਿਚ ਅਤੇ ਨਾ ਹੀ ਉਹਨਾਂ ਤੋਂ ਬਾਅਦ ਆਏ 'ਬ੍ਰਾਹਮਣਾਂ' ਵਿਚ ਭਾਰਤ ਦਾ ਕਿਤੇ ਕੋਈ ਜ਼ਿਕਰ ਮਿਲਦਾ ਹੈ। ਇੱਥੋਂ ਤੱਕ ਕਿ ਇਹਨਾਂ ਤੋਂ ਵੀ ਬਾਅਦ 'ਚ ਆਏ ਉਪਨਿਸ਼ਦਾਂ ਵਿਚ ਵੀ ਭਾਰਤ ਦਾ ਕੋਈ ਜ਼ਿਕਰ ਨਹੀਂ ਹੈ। ਰਿਗਵੇਦ ਵਿਚ ਤਾਂ ਕਿਸੇ ਭੂਗੋਲਿਕ ਖੇਤਰ ਦਾ ਵੀ ਜ਼ਿਕਰ ਨਹੀਂ ਹੈ, ਸਗੋਂ ਸਿਰਫ ਦਰਿਆਵਾਂ ਅਤੇ ਕਬੀਲਿਆਂ ਦੀ ਹੀ ਗੱਲ ਕੀਤੀ ਗਈ ਹੈ। ਇੱਥੋਂ ਤੱਕ ਕਿ ਸਪਤ ਸਿੰਧੂ (ਸੱਤ ਦਰਿਆ) ਦਾ ਵੀ ਮਤਲਬ ਪੰਜਾਬ ਦਾ ਖੇਤਰ ਨਹੀਂ ਹੈ, ਜਿਵੇਂ ਕਿ ਬਾਅਦ ਵਿਚ ਮਤਲਬ ਕੱਢਿਆ ਗਿਆ। ਪਰ ਇਸ ਤੋਂ ਭਾਵ ਸਿਰਫ ਸੱਤ ਦਰਿਆਵਾਂ ਤੋਂ ਹੈ, ਜੋ ਆਪਸ ਵਿਚ ਰਲ ਕੇ ਸਿੰਧ (ਇੰਡਸ) ਬਣਦੇ ਸਨ। ਜਿਸ ਖੇਤਰ ਵਿਚ ਰਿਗਵੈਦਿਕ ਸਲੋਕਾਂ ਦੀ ਰਚਨਾ ਹੋਈ, ਉਹ ਪੰਜਾਬ ਅਤੇ ਅਫਗਾਨਿਸਤਾਨ ਦੇ ਕੁਝ ਹਿੱਸਿਆਂ ਤੱਕ ਹੀ ਸੀਮਤ ਹੈ। ਇੱਥੇ ਬਾਹਰੋਂ ਆਏ ਕਬੀਲੇ ਵੱਸਦੇ ਸਨ। ਸੋ, ਇਸ ਕਰਕੇ ਰਿਗਵੇਦ ਵਿਚ ਕਿਸੇ ਖੇਤਰ ਦਾ ਵੀ ਸੰਕਲਪ ਨਹੀਂ ਹੈ, 'ਇਕ ਦੇਸ਼' ਦਾ ਸੰਕਲਪ ਹੋਣਾ ਤਾਂ ਬੜੀ ਦੂਰ ਦੀ ਗੱਲ ਹੈ।

ਜਿਵੇਂ-ਜਿਵੇਂ ਸੱਭਿਆਚਾਰ ਵਿਕਸਤ ਹੁੰਦਾ ਗਿਆ, ਰਾਜਨੀਤਿਕ ਹੋਂਦਾਂ ਉਭਰੀਆਂ। ਸਾਡੇ ਦੇਸ਼ ਦਾ ਪਹਿਲਾ ਨਾਂ ਪ੍ਰਾਕਿਰਤ ਭਾਸ਼ਾ ਵਿਚ ਸੋਲਾ ਮਹਾਜਨਪਦ (16 ਮਹਾਨ ਰਾਜ) ਸੀ। ਇਹ 500 ਈਸਾ ਪੂਰਵ ਦੇ ਪੁਰਾਣੇ ਖਰੜਿਆਂ ਵਿਚ ਮਿਲਦਾ ਹੈ। ਯਾਦ ਰੱਖਣ ਵਾਲੀ ਗੱਲ ਹੈ ਕਿ 'ਸੋਲਾ' ਪ੍ਰਾਕਿਰਤ ਭਾਸ਼ਾ ਦਾ ਸ਼ਬਦ ਹੈ ਅਤੇ ਹਿੰਦੀ ਤੇ ਉਰਦੂ ਸਮੇਤ ਸਾਡੀਆਂ ਬਹੁਤੀਆਂ ਭਾਸ਼ਾਵਾਂ ਦੀਆਂ ਜੜ੍ਹਾਂ ਪ੍ਰਾਕਿਰਤ ਤੱਕ ਜਾਂਦੀਆਂ ਹਨ। ਇਹਨਾਂ ਮਹਾਜਨਪਦਾਂ ਦਾ ਖੇਤਰ ਕੰਬੋਜਾ ਜਾਂ ਕਾਬੁਲ ਤੋਂ ਲੈ ਕੇ ਪੂਰਬੀ ਬਿਹਾਰ ਵਿਚਲੇ ਅੰਗਾਂ ਤੱਕ ਸੀ। ਇਸ ਤਰ੍ਹਾਂ ਇਹ ਸਿਰਫ ਉਤਰੀ ਭਾਰਤ ਤੱਕ ਹੀ ਸੀਮਤ ਸਨ ਅਤੇ ਉਦੋਂ ਤੱਕ ਵੀ ਅਜੇ ਭਾਰਤ ਦਾ ਕੋਈ ਇਸ ਤਰ੍ਹਾਂ ਦਾ ਸੰਕਲਪ ਨਹੀਂ ਸੀ ਜਿਵੇਂ ਕਿ ਅੱਜ ਅਸੀਂ ਇਸ ਨੂੰ ਸਮਝਦੇ ਹਾਂ। ਕੁਝ 'ਧਰਮ ਸੂਤਰਾਂ' ਵਿਚ 'ਆਰੀਆਵਰਤ' (ਉਤਮ ਲੋਕਾਂ ਦੀ ਧਰਤੀ) ਦੀ ਵਰਤੋਂ ਹੋਣੀ ਸ਼ੁਰੂ ਹੋਈ ਅਤੇ ਮਨੂ-ਸਮ੍ਰਿਤੀ ਵਿਚ ਆਰੀਆਵਰਤ ਨੂੰ ਹਿਮਾਲਿਆ ਤੋਂ ਲੈ ਕੇ ਵਿੰਧਿਆਚਲ ਤੱਕ ਦੀ ਧਰਤੀ ਵਜੋਂ ਪਰਿਭਾਸ਼ਿਤ ਕੀਤਾ ਗਿਆ। ਪਰ ਇਹ ਵੀ ਭਾਰਤ ਦੇ ਇਕ ਵੱਡੇ ਹਿੱਸੇ ਦਾ ਹੀ ਜ਼ਿਕਰ ਬਣਦਾ ਹੈ ਨਾ ਕਿ ਸਮੁੱਚੇ ਦੇਸ਼ ਦਾ, ਜਿਵੇਂ ਕਿ ਅੱਜਕਲ੍ਹ ਇਸ ਦੇ ਅਰਥ ਹਨ।




ਸਮੁੱਚੇ ਭਾਰਤ ਦੀ ਇਕ ਦੇਸ਼ ਵਜੋਂ ਧਾਰਨਾ ਪਹਿਲੀ ਵਾਰ ਮੌਰਿਆ ਸਾਮਰਾਜ ਵੇਲੇ ਵੇਖਣ ਨੂੰ ਮਿਲਦੀ ਹੈ। ਜਿਨ੍ਹਾਂ ਲੋਕਾਂ ਨੇ ਭਾਰਤੀ ਇਤਿਹਾਸ ਦਾ ਅਧਿਐਨ ਕੀਤਾ ਹੈ, ਉਹ ਜਾਣਦੇ ਹੋਣਗੇ ਕਿ ਮੌਰਿਆ ਰਾਜਾ ਅਸ਼ੋਕ ਦੇ ਸ਼ਿਲਾਲੇਖ ਕੰਧਾਰ ਅਤੇ ਕਾਬੁਲ ਤੋਂ ਲੈ ਕੇ ਕਰਨਾਟਕ ਅਤੇ ਆਂਧਰਾ ਤੱਕ ਸਨ। ਇਹ ਸ਼ਿਲਾਲੇਖ ਪ੍ਰਾਕਿਰਤ, ਗਰੀਬ ਅਤੇ ਅਰਾਮਾਇਕ ਭਾਸ਼ਾ ਵਿਚ ਸਨ। ਸੋ, ਇਸ ਕਿਸਮ ਦੀ ਸਿਆਸੀ ਇੱਕਜੁਟਤਾ ਰਾਹੀਂ ਭਾਰਤ ਦਾ ਸੰਕਲਪ ਉੱਭਰਿਆ ਸੀ ਅਤੇ ਇਸ ਦਾ ਪਹਿਲਾ ਨਾਂ ਜੰਬੂਦੀਪ ਸੀ। ਇਹ ਉਹ ਨਾਂ ਹੈ, ਜੋ ਅਸ਼ੋਕ ਵੱਲੋਂ ਆਪਣੇ ਪੱਥਰ 'ਤੇ ਲਿਖੇ ਫੁਰਮਾਨ ਵਿਚ ਵਰਤਿਆ ਗਿਆ ਸੀ। ਇਸ ਦਾ ਮਤਲਬ ਹੈ 'ਜਾਮਣ ਦੀ ਧਰਤੀ' (ਜਾਮਣ ਫਲ)। ਸ਼ਬਦ 'ਭਾਰਤ' ਓਡੀਸ਼ਾ ਵਿਚ ਇਕ ਪ੍ਰਾਕਿਰਤ ਸ਼ਿਲਾਲੇਖ 'ਚ ਵਰਤਿਆ ਮਿਲਦਾ ਹੈ। ਇਹ ਸ਼ਿਲਾਲੇਖ ਕਾਲਿੰਗਾ ਦੇ ਰਾਜਾ ਖਾਰਾਵੇਲਾ ਦੇ ਹਾਥੀਗੁੰਪਾ ਦੇ ਸਥਾਨ 'ਤੇ ਪਹਿਲੀ ਸਦੀ ਈਸਾ ਪੂਰਵ ਦੇ ਹਨ। ਇਸ ਤਰ੍ਹਾਂ ਭਾਰਤ ਸ਼ਬਦ ਦੀ ਇਹ ਪਹਿਲੀ ਵਰਤੋਂ ਹੈ, ਜਿਸ ਬਾਰੇ ਜਾਣਕਾਰੀ ਮਿਲਦੀ ਹੈ ਅਤੇ ਖਾਰ-ਾਵੇਲਾ ਵੱਲੋਂ ਇਸ ਨੂੰ ਸਮੁੱਚੇ ਭਾਰਤ ਲਈ ਵਰਤਿਆ ਗਿਆ ਸੀ। ਸੋ, ਹੌਲੀ-ਹੌਲੀ ਇਕ ਦੇਸ਼ ਵਜੋਂ ਭਾਰਤ ਦਾ ਸੰਕਲਪ ਉਭਰਨਾ ਸ਼ੁਰੂ ਹੋਇਆ ਅਤੇ ਇਸ ਦੇ ਬੋਧੀ, ਬ੍ਰਾਹਮਣ ਅਤੇ ਜੈਨੀ ਵਰਗੇ ਧਰਮਾਂ ਵਿਚ ਇਕ ਤਰ੍ਹਾਂ ਦੀ ਸਭਿਆਚਾਰਕ ਇੱਕਜੁਟਤਾ ਵੀ ਵੇਖਣ ਨੂੰ ਮਿਲਣ ਲੱਗੀ। ਇਹ ਧਰਮ ਦੇਸ਼ ਦੇ ਸਾਰੇ ਹਿੱਸਿਆਂ 'ਚ ਫੈਲੇ ਹੋਏ ਸਨ। ਪ੍ਰਾਕਿਰਤ ਵੀ ਸਾਰੇ ਦੇਸ਼ ਵਿਚ ਵਰਤੀ ਜਾਂਦੀ ਸੀ। ਇਕ ਤਰ੍ਹਾਂ ਨਾਲ ਇਹ ਦੇਸ਼ ਦੀ ਸੰਕਲਪ ਭਾਸ਼ਾ ਸੀ। ਸੋ, ਇਹ ਅਜਿਹੀਆਂ ਚੀਜ਼ਾਂ ਸਨ, ਜੋ ਸਾਨੂੰ ਆਪਸ ਵਿਚ ਜੋੜਦੀਆਂ ਸਨ।

ਫਿਰ ਵਿਦੇਸ਼ੀ ਵੀ ਸਨ, ਜੋ ਵੇਖ ਸਕਦੇ ਸਨ ਕਿ ਸਭਿਆਚਾਰਕ ਤੌਰ 'ਤੇ ਦੇਸ਼ ਵਿਚ ਕਈ ਦੂਰੀਆਂ ਹਨ ਅਤੇ ਇਹ ਵੀ ਗੱਲ ਹੈ ਕਿ ਇਸ ਨੂੰ ਇਕ ਦੇਸ਼ ਵਜੋਂ ਵਿਦੇਸ਼ੀ ਲੋਕ ਸਗੋਂ ਇੱਕੋਂ ਦੇ ਨਿਵਾਸੀਆਂ ਨਾਲੋਂ ਵਧੇਰੇ ਮਹਿਸੂਸ ਕਰਦੇ ਸਨ (ਅਤੇ ਇਹ ਇਕ ਦਿਲਚਸਪ ਗੱਲ ਹੈ) ਕਿਉਂਕਿ ਉਹਨਾਂ ਨੂੰ ਇੱਥੋਂ ਦੇ ਕਿਸੇ ਵਾਸੀ ਜਾਂ ਕਿਤੇ ਹੋਰ ਦੇ ਵਾਸੀ ਜਿਵੇਂ ਕਿ ਕਿਸੇ ਭਾਰਤੀ ਜਾਂ ਕਿਸੇ ਵਾਰਸੀ ਵਿਚਕਾਰ ਫਰਕ ਸਪਸ਼ਟ ਨਜ਼ਰ ਆਉਂਦੇ ਸਨ। ਕੋਈ ਵਿਦੇਸ਼ੀ ਭਾਵੇਂ ਪੰਜਾਬ ਵਿਚ ਚਲੇ ਜਾਵੇ ਜਾਂ ਦੱਖਣ ਵਿਚ, ਉਹ ਵੇਖਦਾ ਸੀ ਕਿ ਪ੍ਰਾਕਿਰਤ ਸਥਾਨਕ ਭਾਸ਼ਾ ਹੁੰਦੀ ਸੀ ਅਤੇ ਸੰਸਕ੍ਰਿਤ ਪੁਜਾਰੀ ਸ਼੍ਰੇਣੀ ਦੀ ਭਾਸ਼ਾ ਹੁੰਦੀ ਸੀ। ਇਹ ਈਰਾਨੀ ਸਨ, ਜਿਹਨਾਂ ਨੇ ਪਹਿਲੀ ਵਾਰ 'ਹਿੰਦੂ' ਨਾਂਅ ਦਿੱਤਾ। ਇਹ ਸਿੰਧੂ ਦਰਿਆ ਦਾ ਫਾਰਸੀ ਉਚਾਰਨ ਸੀ। ਇਸ ਤਰ੍ਹਾਂ ਸਿੰਧੂ ਦਰਿਆ ਦੇ ਪੂਰਬ ਵੱਲ ਪੈਣ ਵਾਲੇ ਸਾਰੇ ਖੇਤਰਾਂ ਨੂੰ ਪੁਰਾਤਨ ਫਾਰਸੀ ਵਿਚ 'ਹਿੰਦੂ' ਕਿਹਾ ਜਾਦਾ ਸੀ। ਇਥੋਂ ਹੀ ਨਾਂ 'ਇੰਡੀਆ' ਹੋਂਦ ਵਿਚ ਆਇਆ। ਲਾਤੀਨੀ ਲੋਕਾਂ ਲਈ 'ਹਿੰਦੂ' 'ਇੰਦੂ' ਬਣ ਜਾਂਦਾ ਸੀ, ਕਿਉਂਕਿ ਉਹ ਸ਼ੁਰੂਆਤੀ 'ਹ' ਨਹੀਂ ਉਚਾਰ ਸਕਦੇ ਸਨ। ਭਾਰਤ ਦਾ ਚੀਨੀ ਨਾਂਅ 'ਇੰਤੂ' ਵੀ ਇਸੇ ਸਰੋਤ ਤੋਂ ਹੀ ਉਪਜਿਆ ਹੈ। ਇਸੇ ਤਰ੍ਹਾਂ ਬਾਅਦ ਵਿਚ ਫਾਰਸੀ ਨਾਂਅ 'ਹਿੰਦੁਸਤਾਨ' ਹੋਂਦ ਵਿਚ ਆਇਆ। ਯਾਦ ਰੱਖਣਾ ਚਾਹੀਦਾ ਹੈ ਕਿ ਸੰਸਕ੍ਰਿਤ ਵਿਚ 'ਹਿ-ੰਦੁਸਤਾਨ' ਵਰਗਾ ਕੋਈ ਸ਼ਬਦ ਨਹੀਂ ਹੈ। ਸੰਸਕ੍ਰਿਤ ਵਿਚ ਸਥਾਨ ਦਾ ਭਾਵ ਇਕ ਖਾਸ ਥਾਂ ਹੁੰਦਾ ਹੈ। ਪਰ ਫਾਰਸੀ ਭਾਸ਼ਾ ਵਿਚ 'ਸਤਾਨ' ਇਕ ਖੇਤਰੀ ਪਛੇਤਰ ਹੈ, ਜਿਵੇਂ ਕਿ ਸਿਸਤਾਨ, ਗੁਰਜਿਸਤਾਨ ਅਤੇ ਇਸੇ ਤਰ੍ਹਾਂ ਹਿੰਦੁਸਤਾਨ। ਇਹ ਨਾਂ ਚੌਥੀ ਸਦੀ ਈਸਵੀ ਵਿਚ ਸਾਸਾਨਿਦ ਸ਼ਿਲਾਲੇਖਾਂ ਵਿਚ ਵੀ ਵਰਤਿਆ ਗਿਆ। ਇਸ ਤਰ੍ਹਾਂ ਇਹ ਸ਼ਬਦ ਅਤੇ ਸ਼ਬਦ 'ਹਿੰਦੂ' ਗੈਰ-ਭਾਰਤੀ ਮੂਲ ਦੇ ਹਨ। ਜਿਹੜੇ ਲੋਕ ਹਿੰਦੁਤਵ ਦੀਆਂ ਗੱਲਾਂ ਕਰਦੇ ਹਨ ਅਤੇ ਜੋ ਵੀ ਵਿਦੇਸ਼ੀ ਹੁੰਦਾ ਹੈ, ਉਸ ਨੂੰ ਰੱਦ ਕਰਦੇ ਹਨ, ਉਹ ਇਹ ਗੱਲ ਭੁੱਲ ਜਾਂਦੇ ਹਨ ਕਿ ਉਹਨਾਂ ਦਾ ਆਪਣਾ ਹਿੰਦੂ ਨਾਂ ਵੀ ਈਰਾਨੀ ਮੂਲ ਦਾ ਹੈ ਅਤੇ ਇਹ 14ਵੀਂ ਸਦੀ ਤੋਂ ਪਹਿਲਾਂ ਸੰਸਕ੍ਰਿਤ ਵਿਚ ਨਹੀਂ ਸੀ ਮਿਲਦਾ।

ਸੰਸਕ੍ਰਿਤ ਸ਼ਿਲਾਲੇਖਾਂ ਵਿਚ ਇਸ ਦੀ ਪਹਿਲੀ ਵਰਤੋਂ ਵਿਜੈਨਗਰ ਸਾਮਰਾਜ ਵਿਚ ਕੀਤੀ ਗਈ, ਜਿੱਥੇ ਵਿਜੈਨਗਰ ਦੇ ਰਾਜਿਆਂ ਨੇ ਖੁਦ ਨੂੰ 'ਹਿੰਦੂ ਰਿਆਇਤਾ ਸੁਰਤਰਾਨਾ' ਭਾਵ ਹਿੰਦੂ ਰਿਆਇਆ ਦੇ ਸੁਲਤਾਨ ਕਰਾਰ ਦਿੱਤਾ। ਉਹ ਖੁਦ ਨੂੰ ਸੁਲਤਾਨ ਅਤੇ ਬਾਕੀਆਂ ਨੂੰ ਹਿੰਦੂ ਰਿਆਇਆ ਮੰਨਦੇ ਸਨ। ਸੋ, ਸਾਡਾ ਦੇਸ਼ ਜਿਵੇਂ ਕਿ ਇਸ ਦਾ ਨਾਂ ਸੰਕੇਤ ਕਰਦਾ ਹੈ, ਸੰਯੁਕਤ ਪ੍ਰਾਕਿਰਤੀ ਵਾਲਾ ਹੈ। ਇਸ ਦਾ ਨਾਂ ਪੁਰਾਤਨ ਈਰਾਨੀ 'ਚੋਂ ਆਇਆ ਹੈ, ਫਿਰ ਈਰਾਨੀਆਂ ਅਤੇ ਅਰਬ ਮੁਸਲਮਾਨਾਂ ਵੱਲੋਂ ਵਰਤਿਆ ਗਿਆ ਹੈ ਅਤੇ ਸੰਸਕ੍ਰਿਤ ਵਰਤੋਂ ਵਿਚ ਇਸ ਦਾ ਦਾਖਲਾ 14ਵੀਂ ਸਦੀ ਵਿਚ ਹੀ ਹੋਇਆ ਹੈ।

# ਭਾਰਤ ਦਾ ਮਾਣ ਬਣੀ ਦੂਤੀ ਚੰਦ



ਮਨਦੀਪ ਸੁਨਾਮ
91-94174-79449

'ਬੇਹਿੰਮਤੇ ਨੇ ਜਿਹੜੇ, ਬਹਿ ਕੇ ਸ਼ਿਕਵਾ ਕਰਨ ਮੁਕੱਦਰਾਂ ਦਾ, ਉੱਗਣ ਵਾਲੇ ਉੱਗ ਪੈਂਦੇ ਨੇ, ਸੀਨਾ ਪਾੜ ਕੇ ਪੱਥਰਾਂ ਦਾ। ਮੰਜ਼ਿਲ ਦੇ ਮੱਥੇ ਤੇ ਤਖਤੀ, ਲੱਗਦੀ ਉਹਨਾਂ ਲੋਕਾਂ ਦੀ, ਘਰੋਂ ਬਣਾ ਕੇ ਤੁਰਦੇ ਜਿਹੜੇ, ਨਕਸ਼ਾ ਆਪਣੇ ਸਫਰਾਂ ਦਾ ਸੰਸਾਰ ਵਿਚ ਮਿਹਨਤ ਹੀ ਇਕੋ ਇਕ ਢੰਗ ਹੈ, ਜਿਸ ਨਾਲ ਸੰਸਾਰ ਉਤੇ ਆਪਣਾ ਇਕ ਵੱਖਰਾ ਮੁਕਾਮ ਹਾਸਲ ਕੀਤਾ ਜਾ ਸਕਦਾ ਹੈ ਕਿਉਂਕਿ ਕੁਝ ਕਰਨ ਵਾਲਿਆਂ ਲਈ ਸਭ ਮੁਮਕਿਨ ਹੈ ਤੇ ਨਾ ਕਰਨ ਵਾਲਿਆਂ ਲਈ ਬਹਾਨੇ ਹੀ ਹਨ। ਇਸ ਤਰ੍ਹਾਂ ਖੇਡ ਸੰਸਾਰ ਵਿਚ ਅੱਜ ਤੱਕ ਜਿਸ ਵੀ ਸਿਤਾਰੇ ਨੇ ਖੇਡ ਮੈਦਾਨ ਵਿਚ ਆਪਣਾ ਵੱਖਰਾ ਸਥਾਨ ਮੱਲਿਆ ਹੈ, ਉਹਨਾਂ ਦੀ ਹੱਡ ਚੀਰਵੀਂ ਮਿਹਨਤ ਉਹਨਾਂ ਦੇ ਉਸ ਸਮੇਂ ਦੀ ਅਤੇ ਉਹਨਾਂ ਦੀ ਸਫਲਤਾ ਦੇ ਸਮੇਂ ਦੀ ਗਵਾਹੀ ਭਰਦੀ ਹੈ। ਅੱਜ ਅਸੀਂ ਸਾਡੇ ਦੇਸ਼ ਦੀ ਇਹੋ ਜਿਹੀ ਇਕ ਹੋਣਹਾਰ ਮੁਟਿਆਰ ਦੀ ਗੱਲ ਕਰਾਂਗੇ ਜਿਸਨੇ ਆਪਣੀ ਸਖਤ ਮਿਹਨਤ ਦੇ ਸਿਰ ਤੇ ਅੱਜ ਆਪਣੇ ਆਪ ਨੂੰ ਵੱਖਰੇ ਸਥਾਨ ਤੇ ਲਿਆ ਖੜ੍ਹਾ ਕੀਤਾ ਹੈ।

ਭਾਰਤ ਦੀ ਫਰਾਟਾ ਦੌੜਾਕ ਦੂਤੀ ਚੰਦ ਜੋ ਕਿ ਭਾਰਤ ਦੀ 100 ਮੀਟਰ ਦੀ ਰਾਸ਼ਟਰ ਰਿਕਾਰਡ ਹੋਲਡਰ ਹੈ, ਨੇ ਹਾਲ ਹੀ ਵਿਚ ਭਾਰਤ ਲਈ ਸੰਸਾਰ ਪੱਧਰ ਤੇ ਨਾਮਣਾ ਖੱਟ ਲਿਆਂਦਾ ਹੈ। ਦੂਤੀ ਚੰਦ ਜੋ ਕਿ 3 ਫਰਵਰੀ 1996 ਨੂੰ ਉੜੀਸਾ ਦੇ ਜਾਜਪੁਰ ਜ਼ਿਲ੍ਹੇ ਦੇ ਇਕ ਬੇਹੱਦ ਗਰੀਬ ਪਰਿਵਾਰ ਵਿਚ ਪੈਦਾ ਹੋਈ ਜ਼ਿਲ੍ਹੇ ਦੇ ਇਕ ਬੇਹੱਦ ਗਰੀਬ ਪਰਿਵਾਰ ਵਿਚ ਪੈਦਾ ਹੋਈ ਅਤੇ ਸਮੇਂ ਦੇ ਨਾਲ ਉਸਨੇ ਟਰੈਕ ਨਾਲ ਆਪਣਾ ਪਿਆਰ ਪਾ ਲਿਆ। ਇਸ ਸਮੇਂ ਉੜੀਸਾ ਦੇ ਮਾਈਨਿੰਗ ਕਾਰਪੋਰੇਸ਼ਨ ਵਿਚ ਕਾਰਜਕਾਰੀ ਅਧਿਕਾਰੀ ਦੇ ਤੌਰ ਤੇ ਕੰਮ ਕਰਦੀ ਦੂਤੀ ਚੰਦ ਆਪਣੀ ਲਗਨ ਅਤੇ ਮਿਹਨਤ ਦੇ ਬਲ ਤੇ ਹੀ ਇਸ ਮੁਕਾਮ ਤੱਕ ਪਹੁੰਚੀ ਹੈ। 3 ਜੁਲਾਈ ਤੋਂ 14 ਜੁਲਾਈ ਤੱਕ ਇਟਲੀ ਦੇ ਨੇਪਲਸ ਵਿਖੇ ਚੱਲ ਰਹੀਆਂ ਵਰਲਡ ਯੂਨੀਵਰਸਿਆਡ ਖੇਡਾਂ ਵਿਚ 11.32 ਸਕਿੰਟ ਦਾ ਸਮਾਂ ਕੱਢਕੇ ਦੂਤੀ ਨੇ 100 ਮੀਟਰ



ਦੀ ਰੇਸ ਵਿਚ ਭਾਰਤ ਲਈ ਸੋਨ ਤਮਗਾ ਜਿੱਤਿਆ ਹੈ। ਦੂਤੀ ਚੰਦ ਇਹ ਕਾਰਨਾਮਾ ਕਰਨ ਵਾਲੀ ਪਹਿਲੀ ਭਾਰਤੀ ਔਰਤ ਅਥਲੀਟ ਬਣੀ ਹੈ ਅਤੇ ਉਸਦੀ ਇਸ ਪ੍ਰਾਪਤੀ ਤੇ ਸਮੁੱਚੇ ਭਾਰਤ ਦਾ ਨਾਂ ਰੌਸ਼ਨ ਹੋਇਆ ਹੈ ਅਤੇ ਵਿਸ਼ਵ ਅਥਲੈਟਿਕਸ ਟਰੈਕ ਵਿਚ ਭਾਰਤ ਨੇ ਆਪਣੇ ਆਪ ਨੂੰ ਵੱਖਰੀ ਥਾਂ 'ਤੇ ਪੇਸ਼ ਕੀਤਾ ਹੈ। ਆਓ ਨਜ਼ਰ ਮਾਰੀਏ ਦੂਤੀ ਚੰਦ ਦੇ ਹੁਣ ਤੱਕ ਦੇ ਅਥਲੈਟਿਕਸ ਸਫਰ ਤੇ ਜਿਸ ਵਿਚ ਦੂਤੀ ਚੰਦ ਨੇ 100 ਅਤੇ 200 ਮੀਟਰ ਦੀਆਂ ਦੌੜਾਂ ਵਿਚ ਜੋ ਜੋ ਮਾਅਰਕੇ ਮਾਰੇ ਹਨ। 2014 ਦੀ ਏਸ਼ੀਅਨ ਜੂਨੀਅਰ ਅਥਲੈਟਿਕਸ ਚੈਂਪੀਅਨਸ਼ਿਪ ਵਿਚ ਇਸ ਹੋਣਹਾਰ ਮੁਟਿਆਰ ਨੇ ਸੋਨ ਤਮਗਾ ਭਾਰਤ ਦੇ ਨਾਂ ਕੀਤਾ ਸੀ। ਇਸ ਤੋਂ ਬਾਅਦ 2017 ਦੀ ਭੁਵਨੇਸ਼ਵਰ ਵਿਖੇ ਹੋਈ ਏਸ਼ੀਅਨ ਅਥਲੈਟਿਕਸ ਚੈਂਪੀਅਨਸ਼ਿਪ ਵਿਚ ਦੂਤੀ ਨੇ 100 ਮੀਟਰ ਵਿਚ ਕਾਂਸੀ ਦਾ ਤਮਗਾ, 2019 ਦੀ ਦੋਹਾ ਏਸ਼ੀਅਨ ਵਿਚ 200 ਮੀਟਰ ਵਿਚ ਕਾਂਸੀ ਦਾ ਤਮਗਾ ਜਿੱਤਿਆ ਸੀ। 2018 ਦੀਆਂ ਜਕਾਰਤਾ ਏਸ਼ੀਅਨ ਖੇਡਾਂ ਵਿਚ ਵੀ ਦੂਤੀ ਨੇ 100 ਅਤੇ 200 ਮੀਟਰ ਦੇ ਫਾਈਨਲ ਤੱਕ ਦਾ ਸਫਰ ਤਹਿ ਕਰਦੇ ਹੋਏ ਸਿਲਵਰ ਮੈਡਲ ਜਿੱਤਿਆ ਸੀ ਅਤੇ ਇਹਨਾਂ ਖੇਡਾਂ ਵਿਚ ਭਾਰਤੀ ਐਥਲੀਟਾਂ ਦੀ ਕਾਰਗੁਜ਼ਾਰੀ ਸ਼ਲਾਘਾਯੋਗ ਰਹੀ ਸੀ। ਸਾਲ 2018 ਵਿਚ ਦੂਤੀ ਨੇ 100 ਮੀਟਰ ਦਾ ਰਾਸ਼ਟਰੀ ਰਿਕਾਰਡ (11.24 ਸਕਿੰਟ) ਆਪਣੇ ਨਾਮ ਕੀਤਾ ਸੀ ਅਤੇ 200 ਮੀਟਰ ਦੀ ਦੌੜ ਵਿਚ ਵੀ ਆਪਣਾ ਸਰਵੋਤਮ ਸਮਾਂ ਉਸਨੇ (23:00 ਸਕਿੰਟ) ਕੱਢਿਆ ਸੀ। ਵਿਸ਼ਵ ਯੂਨੀਵਰਸਿਆਡ ਵਿਚ ਮੈਡਲ ਜਿੱਤਣ ਤੋਂ ਬਾਅਦ ਸੰਸਾਰ ਪੱਧਰ ਦਾ ਸੋਨ ਤਮਗਾ ਜਿੱਤਣ ਵਾਲੀ ਹਿਮਾ ਦਾਸ ਤੋਂ ਬਾਅਦ ਦੂਜੀ ਐਥਲੀਟ ਬਣੀ ਹੈ।

ਉਸਦੀ ਇਸ ਵਿਸ਼ਵ ਪੱਧਰੀ ਪ੍ਰਾਪਤੀ ਤੇ ਦੇਸ਼ ਦੇ ਰਾਸ਼ਟਰਪਤੀ ਤੋਂ ਇਲਾਵਾ ਦੇਸ਼ ਦੇ ਖੇਡ ਮੰਤਰ ਨੇ ਦੂਤੀ ਚੰਦ ਨੂੰ ਖਾਸ ਤੌਰ ਤੇ ਵਧਾਈਆਂ ਦਿੱਤੀਆਂ ਹਨ। ਵਿਸ਼ਵ ਅਥਲੈਟਿਕਸ ਟਰੈਕ ਵਿਚ ਭਾਰਤੀ ਤਿਰੰਗਾ ਲਹਿਰਾਉਣ ਤੋਂ ਬਾਅਦ ਭਾਰਤੀ ਖੇਡ ਪ੍ਰੇਮੀਆਂ ਦੀ ਆਸਾ ਉਤੇ ਬੂਰ ਪਿਆ ਹੈ ਜੋ ਭਾਰਤ ਦਾ ਝੰਡਾ ਉਲੰਪਿਕ ਵਿਚ ਝੁਲਦਾ ਵੇਖਣਾ ਚਾਹੁੰਦੇ ਹਨ ਅਤੇ ਸਾਡੀ ਸਭ ਦੀ ਮੰਗਲ ਕਾਮਨਾ ਹੈ ਕਿ ਦੂਤੀ ਚੰਦ ਭਾਰਤ ਲਈ ਹੋਰ ਮਾਣ ਲੈ ਕੇ ਆਵੇ।

## ਪਿੰਡ ਘੋਲੀਆ ਖੁਰਦ ਦੇ ਨਿਵਾਸੀ ਵੱਲੋਂ ਖਾੜੀ ਦੇਸ਼ਾਂ ਵਿਚ ਫਸੇ ਹੋਣ ਦਾ ਖੁਲਾਸਾ

ਫਰਿਜ਼ਨੋ ਤੋਂ ਮਿਲੀ ਫੈਕਸ ਅਨੁਸਾਰ ਕੁਝ ਧੋਖੇਬਾਜ਼ ਏਜੰਟਾਂ ਵੱਲੋਂ ਜਿਸ ਦਾ ਨਾਂ ਬਲਕਾਰ ਸਿੰਘ ਪੰਜਗਰਾਈ ਹੈ, ਕੁਝ ਕੁ ਮੋਗੇ



ਇਲਾਕੇ ਦੇ ਨੌਜਵਾਨਾਂ ਨੂੰ ਸ਼ਿਕਾਰ ਬਣਾਇਆ ਹੈ, ਜਿਉਂ ਹੀ ਇਕ ਲਖਵੀਰ ਸਿੰਘ ਜੋ ਕਿ ਪਿੰਡ ਘੋਲੀਆ ਖੁਰਦ ਦਾ ਨਿਵਾਸੀ ਹੈ, ਵੀਡੀਓ ਰਾਹੀਂ ਜਾਣਕਾਰੀ ਪਹੁੰਚਾਉਂਦਿਆਂ ਹੀ ਗੀਤਕਾਰ ਦੇਵ ਘੋਲੀਏ ਨੇ ਪੱਤਰਕਾਰਾਂ ਨੂੰ ਠੱਗੀ ਦਾ ਸ਼ਿਕਾਰ ਹੋਏ ਨੌਜਵਾਨਾਂ ਬਾਰੇ ਦੱਸਿਆ। ਕਿਵੇਂ ਰੋਜ਼ੀ ਰੋਟੀ ਦੀ ਖਾਤਰ ਗਏ ਧੋਖੇ ਨਾਲ ਕੁਵੈਤ ਲਿਜਾਣ ਦੀ ਬਜਾਏ ਡੁਬਈ ਵਿਚ ਛੱਡ ਦਿੱਤੇ ਅਜਿਹੇ ਤਰਸਯੋਗ ਹਾਲਤ ਵਾਲੀ ਵੀਡੀਓ ਵੇਖਣ ਤੋਂ ਪਤਾ ਲੱਗਾ ਕਿ ਕਿਵੇਂ ਏਜੰਟਾਂ ਨੇ ਪਸ਼ੂਆਂ ਵਾਂਗ ਅੱਗੇ ਡੁਬਈ ਦੇ ਠੇਕੇਦਾਰਾਂ ਕੋਲ ਵੇਚ ਦਿੱਤੇ ਤੇ ਪੂਰਾ ਸਾਰਾ ਦਿਨ ਕੰਮ ਕਰਨ ਤੋਂ ਬਾਅਦ ਰੋਟੀ ਨੂੰ ਤਰਸ ਰਹੇ ਹਨ। ਤਨਖਾਹ ਵਗੈਰਾ ਪੁੱਛਣ ਤੇ ਡਰਾਵੇ ਦਿੱਤੇ ਜਾ ਰਹੇ ਹਨ। ਹਾਲਾਂਕਿ ਭਗਵੰਤ ਮਾਨ ਨੂੰ ਇੱਥੋਂ ਕੱਢਣ ਲਈ ਬੇਨਤੀ ਕੀਤੀ ਗਈ ਹੈ। ਪ੍ਰਸ਼ਾਸਨ ਤੋਂ ਮੰਗ ਕਰਦੇ ਹਾਂ ਕਿ ਇਸ ਧੋਖੇਬਾਜ਼ ਏਜੰਟ ਨੂੰ ਫੜ ਕੇ ਕਾਰਵਾਈ ਕੀਤੀ ਜਾਵੇ ਤੇ ਇਹਨਾਂ ਨੌਜਵਾਨਾਂ ਦਾ ਪੈਸਾ ਵਾਪਸ ਕਰਵਾਇਆ ਜਾਵੇ।



**-ਦੇਵ ਘੋਲੀਆ ਖੁਰਦ ਯੂ. ਐਸ. ਏ.**
559-232-7764

## ਵੱਖ-ਵੱਖ ਵਿਚ ਮੁਕਾਬਲਿਆਂ ਸੈਕੰਡਰੀ ਸਕੂਲ ਭੁੱਲਰ ਦਾ ਅਹਿਮ ਸਥਾਨ



**ਬਟਾਲਾ (ਬਰਨਾਲ)-** ਸਿੱਖਿਆ ਵਿਭਾਗ ਪੰਜਾਬ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ 550ਵੇਂ ਪ੍ਰਕਾਸ਼ ਉਤਸਵ ਨੂੰ ਸਮਰਪਿਤ ਵੱਖ ਵੱਖ ਮੁਕਾਬਲੇ, ਲੇਖ, ਪੇਂਟਿੰਗ ਮੁਕਾਬਲੇ ਆਦਿ ਸਕੂਲੀ ਪੱਧਰ ਕਰਵਾ ਰਿਹਾ ਹੈ, ਇਸ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਚਾਰਾਂ ਦਾ ਭੰਡਾਰ ਘਰ ਘਰ ਤੱਕ ਪਹੁੰਚਾਉਣ ਦਾ ਉਪਰਾਲਾ ਕੀਤੀ ਜਾ ਰਿਹਾ ਹੈ।

ਜ਼ਿਲ੍ਹਾ ਸਿੱਖਿਆ ਅਫਸਰ ਗੁਰਦਾਸਪੁਰ ਸ੍ਰੀਮਤੀ ਰਾਕੇਸ਼ ਬਾਲਾ, ਉਪ ਜ਼ਿਲਾ ਸਿੱਖਿਆ ਅਫਸਰ ਸ੍ਰੀ ਲਖਵਿੰਦਰ ਸਿੰਘ ਦੇ ਸਾਰਥਕ ਯਤਨਾਂ ਅਧਾਰਿਤ ਮਿਡਲ, ਹਾਈ ਤੇ ਸੈਕੰਡਰੀ ਵਿੰਗ ਦਾ ਮੁਕਾਬਲਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੈਂਪ ਬਟਾਲਾ ਵਿਖੇ ਵੱਖ ਵੱਖ ਮੁਕਾਬਲੇ ਕਰਵਾਏ ਗਏ। ਸ੍ਰੀ ਰਵਿੰਦਰਪਾਲ ਸਿੰਘ ਚਾਹਲ ਤੇ ਪੰਜਾਬੀ ਵਿਭਾਗ ਦੀ ਟੀਮ ਵੱਲੋਂ ਸੈਕੰਡਰੀ ਵਿੰਗ ਦੀ ਟੀਮ ਨੇ ਮੁਕਾਬਲੇ ਵਿਚ ਹਿੱਸਾ ਲਿਆ ਤੇ ਦਿਲਚਸਪ ਮੁਕਾਬਲੇ ਵਿਚ ਤੀਸਰਾ ਸਥਾਨ ਪ੍ਰਾਪਤ ਕੀਤਾ। ਵਿਦਿਆਰਥੀ ਜਿੰਨਾ ਸੁਖਨੀਤ ਕੌਰ ਤੇ ਰੀਆਂ ਦੇ ਸਕੂਲ ਪਹੁੰਚਣ ਤੇ ਸਵੇਰ ਦੀ ਸਭਾਂ ਵਿਚ ਪ੍ਰਿੰਸੀਪਲ ਰਵਿੰਦਰਪਾਲ ਸਿੰਘ ਚਾਹਲ ਤੇ ਸਮੂਹ ਸਟਾਫ ਵੱਲੋਂ ਮੈਡਲ ਦੇ ਕੇ ਸਨਮਾਨ ਕੀਤਾ ਗਿਆ। ਇਸ ਸਮੇ ਗੁਰਮੀਤ ਸਿੰਘ ਖਹਿਰਾ, ਹਰਜਿੰਦਰ ਸਿੰਘ ਬਾਬਾ ਜੀ, ਕੰਵਲਪ੍ਰੀਤ ਕੌਰ, ਜਤਿੰਦਰਬੀਰ ਸਿੰਘ, ਨਰਿੰਦਰ ਸਿੰਘ, ਰਮਨਬਾਜਵਾ, ਸੁਮਨ ਪ੍ਰੀਤ, ਮਨਿੰਦਰ ਕੌਰ, ਪਰਵਿੰਦਰ ਕੌਰ, ਪੂਜਾ ਭਾਰਤੀ ,ਵੀਨਾ ਕੁਮਾਰੀ, ਮਨਇੰਦਰ ਕੌਰ, ਪਿਆਰਾ ਲਾਲ, ਅਰੁਣ ਕੁਮਾਰ ਤੇ ਗਾਈਡ ਅਧਿਆਪਕ ਸ ਦਵਿੰਦਰ ਸਿੰਘ ਬਾਠ ਇਸ ਮੌਕੇ ਹਾਜਰ ਸਨ।

## ਤਲਾਸ਼

ਇਕੱਲੀ ਨੇ ਕੀ ਮੇਲਾ ਮੈਂ ਸੀ ਵੇਖਣਾ, ਵੇ ਆਈ ਤਾਂ ਮੈਂ ਤੇਰੇ ਕਰਕੇ
ਰੁੱਤ ਮਸਤਾਨੀ ਉੱਤੋਂ ਚੜ੍ਹਦੀ ਜਵਾਨੀ, ਜਿਹੜੀ ਟੱਲੀ ਵਾਂਗ ਦਿਨ ਰਾਤ ਸਦਾ ਖੜਕੇ
ਗੱਲਾਂ ਕਰਦਾ ਤੂੰ ਅੱਡ ਹੋਣ ਵਾਲੀਆਂ ਮੈਂ ਸਾਰਾ ਦਿਨ ਸੋਚਦੀ ਰਹੀ
ਤਾਹੀਉਂ ਛੁਟਿਆ ਚੰਡੋਲਾ ਤੇਰਾ ਕਰਕੇ ਵੇ ਮੇਲੇ ਵਿਚੋਂ ਟੋਲਦੀ ਰਹੀ।

ਤੇਰੇ ਸੱਜਣਾਂ ਸਹਾਰੇ ਮੈਂ ਤਾਂ ਜਿਉਂਦੀ ਹਾਂ ਵੇ ਕਰਦੀ ਪਿਆਰ ਸੋਹਣਿਆ
ਬਾਕੀ ਮੇਲੇ ਕਿਹੜੇ ਰੋਜ਼ ਰੋਜ਼ ਲੱਗਦੇ ਵੇ ਲਈ ਨਾ ਕੋਈ ਸਾਰ ਸੋਹਣਿਆ
ਲਾ ਕੇ ਆਨੇ ਵੇ ਬਹਾਨੇ ਸਭ ਸਖੀਆਂ ਨੂੰ ਤੇਰੇ ਪਿੱਛੇ ਮੋੜਦੀ ਰਹੀ
ਤਾਹੀਉਂ ਛੁਟਿਆ ਚੰਡੋਲਾ ਤੇਰਾ ਕਰਕੇ ਵੇ ਮੇਲੇ .....

ਜਦੋਂ ਚੜ੍ਹ ਕੇ ਚੰਡੋਲ ਉਤੇ ਵੇਖਿਆ ਵੇ ਕਿਸੇ ਪਾਸੇ ਨਾ ਦਿਸਿਆ
ਮੈਂ ਤਾਂ ਕਰ ਗਈ ਯਕੀਨ ਬੱਸ ਤੇਰੇ ਤੇ ਵੇ ਲਾਰੇ ਲਾਉਣੇ ਕਿੱਥੋਂ ਸਿੱਖਿਆ
ਫਿਰ ਤੇਰੀਆਂ ਚੜ੍ਹਾਈਆਂ ਹੋਈਆਂ ਚੂੜੀਆਂ ਅੱਕੀ ਸਤੀ ਤੋੜਦੀ ਰਹੀ
ਤਾਹੀਉਂ ਛੁਟਿਆ ਚੰਡੋਲਾ ਤੇਰਾ ਕਰਕੇ ਵੇ ਮੇਲੇ .....

ਆਈ ਅੱਧ ਵਿਚਕਾਰ ਮੇਲਾ ਛੱਡ ਕੇ ਵੇ ਹੋਇਆ ਅਫਸੋਸ ਮੱਖਣਾ
ਇਕੱਠੀ ਕੂੰਜ ਨੂੰ ਹਮੇਸ਼ਾ ਕਾਂ ਘੇਰਦੇ ਵੇ ਬੜੇ ਭੈੜੇ ਲੋਕ ਮੱਖਣਾ
ਤੂੰ ਕੀਤਾ ਨਾ ਖਿਆਲ ਮੇਲੇ ਆਉਣ ਤਾ ਤੇ ਮੰਦਾ ਚੰਗਾ ਬੋਲਦੀ ਰਹੀ
ਤਾਹੀਉਂ ਛੁਟਿਆ ਚੰਡੋਲਾ ਤੇਰਾ ਕਰਕੇ ਵੇ ਮੇਲੇ .....

'ਦੇਵ ਘੋਲੀਏ' 'ਚ ਗੱਲ ਸਾਰੇ ਉੱਡ ਗਈ ਵੇ ਗੁੱਸਾ ਦੱਸ ਕਿਹੜੀ ਗੱਲ ਦਾ
ਆਪ ਮਰਦਾ ਤੇ ਨਾਲ ਮੈਨੂੰ ਮਾਰਦਾ ਵੇ ਮੇਰਾ ਨਹੀਉਂ ਦਿਲ ਲੱਗਦਾ
ਤੇਰੇ ਪਿੰਡ ਦਿਆਂ ਲੋਕਾਂ ਕੋਲੇ ਖੜ੍ਹ ਕੇ ਵੇ ਦੁੱਖ-ਸੁੱਖ ਫੋਲਦੀ ਰਹੀ
ਤਾਹੀਉਂ ਛੁਟਿਆ ਚੰਡੋਲਾ ਤੇਰਾ ਕਰਕੇ ਵੇ ਮੇਲੇ ਵਿਚੋਂ ਟੋਲਦੀ ਰਹੀ।



**-ਦੇਵ ਘੋਲੀਆ ਖੁਰਦ**
**(ਫਰਿਜ਼ਨੋ)**
559-232-7764

## ਜਿੱਥੇ ਜੰਮੇ ਪਲੇ ਸੀ ਆਪਾਂ

ਜਿੱਥੇ ਜੰਮੇ ਤੇ ਪਲੇ ਜੀ ਆਪਾਂ
ਤੇ ਜਿੱਥੇ ਪੜ੍ਹੇ ਤੇ ਕੰਮਕਾਰ ਵੀ ਕੀਤਾ
ਜਿਸ ਧਰਤੀ ਦੀ ਰੋਟੀ ਖਾਧੀ
ਤੇ ਜਿਸ ਧਰਤੀ ਦਾ ਪਾਣੀ ਵੀ ਪੀਤਾ
ਉਹਦੇ ਨਾਲ ਪਿਆਰ ਬੜਾ ਏ
ਪਿਆਰ ਬੜਾ ਏ ਸਤਿਕਾਰ ਬੜਾ ਏ।

ਜਦ ਤੱਕ ਆਪਾਂ ਜਿਉਂਦੇ ਰਹਿਣਾ
ਉਹਦਾ ਪਿਆਰ ਤਾਂ ਦਿਲ ਵਿਚ ਰਹਿਣਾ
ਕੁਝ ਸੱਜਣ ਉਥੇ ਯਾਰ ਨੇ ਸਾਡੇ
ਰਿਸ਼ਤੇਦਾਰ ਤੇ ਪਰਿਵਾਰ ਨੇ ਸਾਡੇ
ਉਹਨਾਂ ਨੂੰ ਮਿਲਣ ਨੂੰ ਦਿਲ ਕਰਦਾ
ਤੇ ਰਹਿੰਦਾ ਉਹਨਾਂ ਵੀ ਇੰਤਜ਼ਾਰ ਬੜਾ ਏ
ਉਹਦੇ ਨਾਲ ਪਿਆਰ ਬੜਾ ਏ
ਪਿਆਰ ਬੜਾ ਏ ਸਤਿਕਾਰ ਬੜਾ ਏ।

ਜਿਸ ਘਰ 'ਚ ਦੁੱਖ ਸੁੱਖ ਹੰਢਾਏ
ਮਾਂ ਨੇ ਹੱਥੀਂ ਟੁੱਕ ਖੁਆਏ
ਉਸ ਘਰ ਨੂੰ ਕਿੱਦਾਂ ਭੁੱਲ ਜਾਈਏ
ਤੇ ਉਹਨੂੰ ਦੇਖਣ ਕਿਉਂ ਨਾ ਜਾਈਏ
ਜਿੱਥੇ ਮਾਂ ਨੇ ਲੋਰੀਆਂ ਦਿੱਤੀਆਂ
ਉਸ ਘਰ ਨਾਲ ਪਿਆਰ ਬੜਾ ਏ
ਉਹਦੇ ਨਾਲ ਪਿਆਰ ਬੜਾ ਏ
ਪਿਆਰ ਬੜਾ ਏ ਸਤਿਕਾਰ ਬੜਾ ਏ।

ਜਿਸ ਦੇਸ਼ ਵਿਚ ਹੁਣ ਰਹਿੰਦੇ ਆਂ
ਉਹਦੀ ਵੀ ਵਫਾਦਾਰੀ ਕਰਦੇ ਆਂ
ਰੱਬਾ ਇਹਦੇ ਤੇ ਰੱਖੀ ਮਿਹਰਾਂ
ਹੱਥ ਜੋੜ ਅਰਦਾਸਾਂ ਕਰਦੇ ਆਂ
ਇਹਨੇ ਵੀ ਰੋਟੀ ਰੋਜ਼ੀ ਦਿੱਤੀ
ਤੇ ਗੂੜ੍ਹਾ ਇਹਦੇ ਨਾਲ ਪਿਆਰ ਬੜਾ ਏ
ਉਹਦੇ ਨਾਲ ਪਿਆਰ ਬੜਾ ਏ।
ਪਿਆਰ ਬੜਾ ਏ ਸਤਿਕਾਰ ਬੜਾ ਏ।

ਇਹ ਦੋਨੋਂ ਸਾਡੇ ਤੇ ਅਸੀਂ ਇਹਨਾਂ ਦੇ
ਤੇ ਇਹਨਾਂ ਦੇ ਪਿਆਰ ਨਾਲ ਜੀਈ ਜਾਨੇ ਆਂ
ਸਿਰ ਤੇ ਛੱਤ ਤੇ ਰੋਟੀ ਮਿਲਦੀ
ਤੇ ਪਾਣੀ ਠਿਨਾ ਧਰਤੀ ਦਾ ਪੀਈ ਜਾਨੇ ਆਂ
ਦੋਹਾਂ ਨੇ ਸਾਨੂੰ ਸਭ ਕੁਝ ਦਿੱਤਾ
ਤੇ ਸਿਰ ਤੇ ਸਾਡੇ ਅਹਿਸਾਨ ਬੜਾ ਏ
ਉਹਦੇ ਨਾਲ ਪਿਆਰ ਬੜਾ ਏ
ਪਿਆਰ ਬੜਾ ਏ ਸਤਿਕਾਰ ਬੜਾ ਏ।

ਇੱਕੋ ਦਿਲ ਵਿਚ ਦੋਵੇਂ ਰਹਿੰਦੇ
ਜਿਸ ਨੂੰ ਭਾਰਤ ਤੇ ਅਮਰੀਕਾ ਕਹਿੰਦੇ
ਦੋਹਾਂ ਦੇ ਲੋਕੀ ਨੇਕ ਬੜੇ ਨੇ
ਤੇ ਪਿਆਰ ਸਤਿਕਾਰ ਨਾਲ ਨੇ ਰਹਿੰਦੇ
ਦੋਹਾਂ ਦਾ ਅਸੀਂ ਲੂਣ ਏ ਖਾਧਾ
ਤੇ 'ਧਾਮੀ' ਦੋਹਾਂ ਦਾ ਵਫਾਦਾਰ ਬੜਾ ਏ
ਜਿੱਥੇ ਜੰਮੇ ਤੇ ਪਲੇ ਜੀ ਆਪਾਂ
ਤੇ ਜਿੱਥੇ ਪੜ੍ਹੇ ਤੇ ਕੰਮਕਾਰ ਵੀ ਕੀਤਾ
ਜਿਸ ਧਰਤੀ ਦੀ ਰੋਟੀ ਖਾਧੀ
ਤੇ ਜਿਸ ਧਰਤੀ ਦਾ ਪਾਣੀ ਵੀ ਪੀਤਾ
ਉਹਦੇ ਨਾਲ ਪਿਆਰ ਬੜਾ ਏ
ਪਿਆਰ ਬੜਾ ਏ ਸਤਿਕਾਰ ਬੜਾ ਏ।



**- ਜੁਗਿੰਦਰ 'ਧਾਮੀ' ਪਿੱਪਲਾਂਵਾਲੀਆ**
530-844-0987

## ਮਿਸ਼ਨਰੀ ਗੀਤ
## ਅਣਖ ਇੱਜ਼ਤ ਨਾਲ ਜੀਣਾ

ਪੈਰਾਂ ਹੇਠਾ ਲਤਾੜੀ ਸੀ, ਸਿਰ ਉਤੇ ਬਿਠਾ ਦਿੱਤਾ,
ਵਿਧਾਨ ਨਾਰੀ ਨੂੰ ਮਰਦਾਂ ਤੋਂ ਉੱਚਾ ਉਠਾ ਦਿੱਤਾ।
ਬਾਲ ਵਿਆਹ ਤੇ ਦਾਜ ਦੀ ਭੇਟਾ ਚੜ੍ਹਦੀ ਨਾਰੀ ਨੂੰ,
ਅਣਖ ਇੱਜ਼ਤ ਨਾਲ ਜੀਣੇ ਵਾਲਾ ਪਾਠ ਪੜ੍ਹਾ ਦਿੱਤਾ।

ਪੈਰ ਦੀ ਜੁੱਤੀ ਮੰਨ ਕੇ, ਜਿਸਨੂੰ ਗਿਆ ਸਤਾਇਆ ਜੀ,
ਵਿਧਾਨ ਨੇ ਸੋਨੇ ਤੋਂ ਵਧ, ਉਸ ਦਾ ਨਾਂ ਚਮਾਇਆ ਜੀ,
ਤਾੜਨ ਦੀ ਅਧਿਕਾਰੀ, ਸੋਚ ਦਾ ਛੱਕਾ ਛੁੜਾ ਦਿੱਤਾ,
ਅਣਖ ਇੱਜ਼ਤ ਨਾਲ ਜੀਣੇ ਵਾਲਾ ਪਾਠ ਪੜ੍ਹਾ ਦਿੱਤਾ।

ਸੰਸਦ ਵਿਚ ਆਵਾਜ਼ ਵੀ, ਅੱਜਕੱਲ੍ਹ ਗੂੰਜੇ ਨਾਰੀ ਦੀ,
ਇਹ ਨਾ ਕਿਸੇ ਤੋਂ ਘੱਟ, ਖੁੱਲ੍ਹ ਗਈ ਅੱਖ ਸੰਸਾਰੀ ਦੀ,
ਔਰਤ ਹੱਥ ਵਿਧਾਨ ਨੇ, ਤਖ਼ਤੋਂ ਤਾਜ ਫੜ੍ਹਾ ਦਿੱਤਾ।
ਅਣਖ ਇੱਜ਼ਤ ਨਾਲ ਜੀਣੇ ਵਾਲਾ ਪਾਠ ਪੜ੍ਹਾ ਦਿੱਤਾ।

ਪਰਸ਼ੋਤਮ ਆਖਦਾ ਔਰਤ, ਚਾਰੇ ਪਾਸੇ ਛਾ ਗਈ ਏ,
ਕਦੇ ਮਰਦ ਦੀ ਵਾਰੀ, ਅੱਜਕੱਲ੍ਹ ਇਸਦੀ ਆ ਗਈ ਏ,
ਪੈਰਾਂ ਵਿੱਚ ਬਹਿੰਦੀ ਸੀ, ਸਿਰ ਦੇ ਉਤੇ ਚੜ੍ਹਾ ਦਿੱਤਾ।
ਅਣਖ ਇੱਜ਼ਤ ਨਾਲ ਜੀਣੇ ਵਾਲਾ ਪਾਠ ਪੜ੍ਹਾ ਦਿੱਤਾ।



**ਪਰਸ਼ੋਤਮ ਲਾਲ ਸਰੋਏ**
91-92175-44348



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# TANDOOR Indian Restaurant

27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

Contact Us:

BUFFET
LUNCH
11:00 AM
To 3:00 PM



ਸੁਰਿੰਦਰ 'ਕੋਕਾ' ਧਲੇਤਾ

**Ph. 510-885-1212, Fax. 510-885-1532**

**We are open seven days 11 AM to 10 PM**

# ਸਤਿਗੁਰ ਗਿਆਨ ਨਾਥ ਜੀ ਦਾ ਜਨਮ ਦਿਹਾੜਾ ਮਨਾਇਆ ਗਿਆ




























ਘਰ ਅਤੇ ਦਫਤਰ ਨੂੰ ਫਰਨੀਚਰ ਨਾਲ ਸਜਾਉਣਾ ਹੋਇਆ ਹੁਣ ਹੋਰ ਸਸਤਾ
Todo disponible
Compre Hoy y Recoja el mismo dia
GRANDES ESPECIALES
TODO EL VERANO
SI MENCIONA ESTE ANUNCIO
Liquidation Outlet
www.thebargainoutlet.com
NO CREDIT CHECK
Mayoreo y Menudeo
LLEVATELO CON $40 DE ENGANCHE
Stockton 209-467-8650 Modesto 209-581-9606
Room Dividers - Black and Natural Wood $49.99
LIMITED TIME OFFER
5PC RECLINER SET 999.99 TAX
W/3PC COFFEE AND END TABLS 2LAMPS AND A RUG
Queen Bed Mattress Included $399.99
Liquidation Collection
FREE RUG!
$599.99+tax
4pc Sectional $519.99
5pc Pub Set Table - 4 Chairs $239.99
Heavy Duty with 2 Leaves
7pc Dining Set Table-6 Chairs $689.99
Wood Kids Twin Full Bunk Bed Under Storage / Mattresses Included $559.99
Limited Time Special Order!
Large Futon - Heavy Duty $189.99
Cherry Queen or Full Bed Night-Stand Dresser Mirror $499.99
IN STOCK!
FREE RUG!
7pc Dinette Set Table - 6 Chairs $529.99
IN STOCK!
ALWAYS IN STOCK & the LOWEST PRICES!
In Stock!
DINING ROOM SET
SUPER SPECIAL
Package Deal
www.TheBargainOutlet.com $1199.99+tax
Pub Table 4 Chairs and Bench $429.99+TAX
IN STOCK!
DOUBLE FLIP PILLOW TOP
Box and Mattress
TWIN $169.99 QUEEN $249.99
FULL $209.99 KING $309.99
TAPETE GRATIS
CON VALOR DE $60
EN CUALQUIER COMPRA
DE $500 O MAS
TAPETE DE 5X8
Stoves Starting at $199.99
Free Coat-Rack
Refrigerators Starting at $199.99
ESPECIAL DE LAS LAVADORAS
Washers & Dryers Starting at $399.99
IN STOCK!
WE MEET OR BEAT ANY PRICES
Twin Bunkie $65.99+tax
Twin box and Mattress $109.99+tax
Full box and Mattress $139.99+tax
Queen box and Mattress $169.99+tax
King box and Mattress $229.99+tax
IN STOCK!
SUPER Mattress SALE
3pc Coffee Table Set
5pc MINI SECTIONAL W/3PC GLASS Set $449.99
2301 Fairview Dr # A, Ceres, CA 95307 • 528 E. Weber Ave. Stockton CA 95202
Ceres (209)581-9606 Stockton (209) 467-8650